# ਫ੍ਰੀਮੋਂਟ ਲਈ ਹਾਊਸਿੰਗ ਨੈਵੀਗੇਸ਼ਨ ਸੈਂਟਰ ਨੂੰ ਸਮਝਣਾ

ਅਕਸਰ ਪੁੱਛੇ ਜਾਣ ਵਾਲੇ ਸਵਾਲ

*ਇਹ ਦਸਤਾਵੇਜ਼ ਫ੍ਰੀਮੋਂਟ ਦੇ ਸ਼ਹਿਰ ਦੁਆਰਾ ਵਿਕਸਿਤ ਕੀਤਾ ਗਿਆ ਹੈ। ਅਪਡੇਟ ਕਰਨ ਦੀ ਤਾਰੀਖ਼ 26 ਜੁਲਾਈ, 2019*

## ਨੈਵੀਗੇਸ਼ਨ ਸੈਂਟਰ ਦੀ ਸੰਖਿਪਤ ਵਿਵਰਣ

- **ਨੈਵੀਗ੍ਰੇਸ਼ਨ ਸੈਂਟਰ ਕੀ ਹੈ ਅਤੇ ਇਹ ਕਿਵੇਂ ਸੰਚਾਲਿਤ ਕੀਤਾ ਜਾਂਦਾ ਹੈ?**
  ਇੱਕ ਨੈਵੀਗੇਸ਼ਨ ਸੈਂਟਰ ਇੱਕ ਸਾਫ਼, ਸੁਰੱਖਿਅਤ, ਸ਼ਾਂਤ ਅਤੇ ਲੋਚਸ਼ੀਲ ਵਾਤਾਵਰਣ ਮੁਹੱਈਆ ਕਰਦਾ ਹੈ ਜੋ ਚੁਣੇ ਗਏ ਬੇਘਰ ਲੋਕਾਂ ਨੂੰ ਉਹਨਾਂ ਦੇ ਜੀਵਨ ਦਾ ਪੁਨਰ-ਨਿਰਮਾਣ ਕਰਨ ਅਤੇ ਸਥਾਈ ਪੱਕਾ ਘਰ ਖੋਜਣ 'ਤੇ ਚੰਗੀ ਤਰ੍ਹਾਂ ਨਾਲ ਧਿਆਨ ਕੇਂਦਰਿਤ ਕਰਨ ਦਿੰਦਾ ਹੈ।

- **ਇੱਕ ਸ਼ਰਨ ਸਥਾਨ ਅਤੇ ਨੈਵੀਗੇਸ਼ਨ ਸੈਂਟਰ ਵਿੱਚ ਕੀ ਅੰਤਰ ਹੈ?**
  ਪਰੰਪਰਾਗਤ ਸ਼ਰਨ ਸਥਾਨ ਦਾ ਮਕਸਦ ਲੋਕਾਂ ਨੂੰ ਗਲੀ ਤੋਂ ਦੂਰ ਅਤੇ ਤੱਤਾਂ ਤੋਂ ਬਾਹਰ ਇੱਕ ਸੁਰੱਖਿਅਤ ਸਥਾਨ 'ਤੇ ਰੱਖਣਾ ਹੈ। ਬੱਚਿਆਂ ਵਾਲੇ ਪਰਿਵਾਰਾਂ ਨੂੰ ਅਕਸਰ ਸ਼ਰਨ ਸਥਾਨ ਵਿੱਚ ਰੱਖਣ ਨੂੰ ਤਰਜ਼ੀਹ ਦਿੱਤੀ ਜਾਂਦੀ ਹੈ ਜਦਕਿ ਇਕੱਲਿਆਂ ਲਈ ਘੱਟ ਮੌਕੇ ਹੁੰਦੇ ਹਨ। ਕਈ ਜੋ ਪਰੰਪਰਾਗਤ ਸ਼ਰਨ ਸਥਾਨਾਂ ਵਿੱਚ ਰਹਿੰਦੇ ਹੋਏ ਵਿਸ਼ੇਸ਼ ਸਹਾਇਤਾ ਵਾਲੇ ਘਰ ਦੇ ਮੌਕਿਆਂ ਦੇ ਉਪਲਬਧ ਹੋਣ ਦੀ ਉਡੀਕ ਕਰ ਰਹੇ ਹੁੰਦੇ ਹਨ। ਸਹਾਇਕ ਘਰ ਦੇ ਨਾਲ ਕਿਰਾਏ ਦੇ ਭੁਗਤਾਨ ਕਰਨ ਲਈ ਸਬਸਿਡੀ ਜੁੜੀ ਹੁੰਦੀ ਹੈ ਅਤੇ ਇਹ ਨਿਰੰਤਰ ਸਹਾਇਤਾ ਸੇਵਾਵਾਂ ਦੇ ਨਾਲ ਆਉਂਦਾ ਹੈ। ਕਿਉਂਕਿ ਸਬੰਧਿਤ ਤੌਰ 'ਤੇ ਕੁਝ ਹੀ ਸਹਾਇਤਾ ਘਰ 'ਸਲਾਟਸ' ਉਪਲਬਧ ਹੁੰਦੇ ਹਨ, ਵਿਅਕਤੀ 6 ਮਹੀਨੇ ਤੋਂ ਵੱਧ ਦੇ ਸਮੇਂ ਲਈ ਪਰੰਪਰਾਗਤ ਸ਼ਰਨ-ਸਥਾਨਾਂ 'ਤੇ ਰਹਿ ਸਕਦੇ ਹਨ। ਪਰੰਪਰਾਗਤ ਸ਼ਰਨ-ਸਥਾਨ ਆਪਣੀ ਸਟਾਫਿੰਗ ਅਤੇ ਮੁਹਾਰਤ ਦੇ ਆਧਾਰ 'ਤੇ ਸਹਾਇਕ ਸੇਵਾਵਾਂ ਦੇ ਵੱਖ-ਵੱਖ ਪੱਧਰ ਪੇਸ਼ ਕਰਦੇ ਹਨ।

  ਨੈਵੀਗੇਸ਼ਨ ਸੈਂਟਰ ਵਿਅਸਕਾਂ ਨੂੰ ਸੇਵਾਵਾਂ ਦਿੰਦਾ ਹੈ ਅਤੇ ਇਹ ਗਲੀਆਂ ਵਿੱਚੋਂ ਕਲਾਇੰਟਾਂ ਦੇ ਸਥਾਨ ਬਦਲਣ ਵਿੱਚ ਮਦਦ ਕਰਨ ਅਤੇ ਇੱਕ ਕਠਿਨ ਕੇਸ ਪ੍ਰਬੰਧਨ ਅਤੇ ਹਾਊਸਿੰਗ ਨੈਵੀਗੇਸ਼ਨ ਪਹੁੰਚ ਵਰਤ ਕੇ ਘਰ ਵਿੱਚ ਭੇਜਣ ਦੀ ਇੱਕ ਨਵੀਨਤਾਕਾਰੀ ਧਾਰਨਾ ਹੈ। ਕਲਾਇੰਟਾਂ ਨੂੰ ਉਹਨਾਂ ਸਾਂਝੇਦਾਰਾਂ, ਪਾਲਤੂਆਂ ਅਤੇ ਉਹਨਾਂ ਨਾਲ ਉਹਨਾਂ ਦੇ ਸੰਪੱਤੀ ਨੂੰ ਲਿਆਉਣ ਦੀ ਇਜਾਜ਼ਤ ਦਿੰਦੇ ਹੋਏ ਪ੍ਰਵੇਸ਼ ਦੀ ਰੁਕਾਵਟ ਵੀ ਘੱਟ ਕਰਦਾ ਹੈ। ਨੈਵੀਗੇਸ਼ਨ ਸੈਂਟਰ ਵਿੱਚ ਪ੍ਰਵੇਸ਼ ਕਰਨ ਵਾਲੇ ਲੋਕ ਜਾਣਦੇ ਹਨ ਕਿ ਉਹਨਾਂ ਦਾ ਸਥਾਨ 'ਤੇ ਸੀਮਿਤ ਠਹਿਰਾਅ ਹੈ ਅਤੇ ਇਸ ਲਈ ਉਹ ਸਥਾਈ, ਚਿਰਕਾਲੀਨ ਘਰਾਂ ਦੀ ਖੋਜ ਕਰਨ ਅਤੇ ਤਿਆਰ ਕਰਨ 'ਤੇ ਆਪਣੀ ਊਰਜਾ ਕੇਂਦਰਿਤ ਕਰਨ ਲਈ ਵਚਨਬੱਧ ਹੁੰਦੇ ਹਨ।

- **ਨੈਵੀਗੇਸ਼ਨ ਸੈਂਟਰ ਦੇ ਧਿਆਨ ਦਾ ਮੁੱਖ ਕੇਂਦਰ ਕਿਹੜਾ ਹੁੰਦਾ ਹੈ?**
  ਅਸੁਰੱਖਿਅਤ, ਬੇਘਰ ਲੋਕਾਂ ਅਤੇ ਸਾਰਿਆਂ ਨੂੰ ਉਹਨਾਂ ਦੇ ਆਵਾਸਹੀਣਤਾ ਨੂੰ ਖ਼ਤਮ ਕਰਨ ਦੇ ਅੰਤਿਮ ਟੀਚੇ ਨਾਲ ਹੋਰ ਸਥਾਈ ਘਰ ਵਿੱਚ ਭੇਜਣਾ।

CITY OF Fremont

- **ਆਵਾਸਹੀਣਤਾ ਦੇ ਵਿਸ਼ੇ ਸਬੰਧੀ ਸਿਟੀ ਕੌਂਸਿਲ ਦੀਆਂ ਪਿਛਲੀਆਂ ਮੀਟਿੰਗਾਂ ਲਈ ਸਟਾਫ਼ ਰਿਪੋਰਟਾਂ ਕਿੱਥੇ ਹਨ?**

  - ਅਪ੍ਰੈਲ 17 2018- ਸਟਾਫ਼ ਰਿਪੋਰਟ 3422 – ਆਵਾਸਹੀਣਤਾ ਅਧਿਐਨ ਅਪਡੇਟ
  - ਜੁਲਾਈ 17 2018 – ਸਟਾਫ਼ ਰਿਪੋਰਟ 3536 - ਆਵਾਸਹੀਣਤਾ ਅਧਿਐਨ ਅਪਡੇਟ
  - ਸਤੰਬਰ 18 2018 – ਸਟਾਫ਼ ਰਿਪੋਰਟ – 3579 – ਸ਼ਰਨ ਸਥਾਨ ਦਾ ਸੰਕਟ ਘੋਸ਼ਿਤ
  - ਅਪ੍ਰੈਲ 16 2019 – ਸਟਾਫ਼ ਰਿਪੋਰਟ – 3713 – ਸ਼ਰਨ ਸਥਾਨ ਸੰਕਟ ਕ੍ਰਾਂਤੀ
  - ਜੂਨ 18 2019 – ਸਟਾਫ਼ ਰਿਪੋਰਟ – 3791 – ਆਵਾਸਹੀਣਤਾ ਬਾਰੇ ਸੰਬੋਧਿਤ ਕਰਨ ਲਈ ਕਾਰਜਨੀਤੀਆਂ ਅਤੇ ਪ੍ਰਾਥਮਿਕਤਾਵਾਂ ‘ਤੇ ਅਪਡੇਟ
  - ਜੁਲਾਈ 9 2019 – ਸਟਾਫ਼ ਰਿਪੋਰਟ – 3829 – ਹਾਊਸਿੰਗ ਨੈਵੀਗੇਸ਼ਨ ਸੈਂਟਰ ਸਥਾਪਿਤ ਕਰਨ ਲਈ ਸੰਭਾਵਿਤ ਸਾਇਟਾਂ ਦਾ ਮੁਲਾਂਕਣ

  ਲਾਇਵ ਅਤੇ ਪਹਿਲਾਂ ਤੋਂ ਰਿਕਾਰਡ ਕੀਤੀਆਂ ਸਿਟੀ ਕੌਂਸਿਲ ਦੀਆਂ ਮੀਟਿੰਗਾਂ ਔਨਲਾਇਨ ਦੇਖੀਆਂ ਜਾ ਸਕਦੀਆਂ ਹਨ।

- **ਕੀ ਨੈਵੀਗੇਸ਼ਨ ਸੈਂਟਰ ਦੇ ਵਿਕਾਸ ਸਬੰਧੀ ਕਮਿਊਨਿਟੀ ਮੀਟਿੰਗਾਂ ਹੋਣਗੀਆਂ?**
  ਹਾਂ, ਅਗਸਤ ਵਿੱਚ ਦੋ ਕਮਿਊਨਿਟੀ ਵਰਕਸ਼ਾਪਾਂ ਹੋਣਗੀਆਂ।

  - ਬੁੱਧਵਾਰ, ਅਗਸਤ 14, 2019 ਸ਼ਾਮ 5:30 – ਰਾਤ 8:30 ਵਜੇ - Harbor Light Church, 4760 Thornton Ave ਵਿਖੇ।
  - ਸ਼ਨੀਵਾਰ, ਅਗਸਤ 24, 2019 ਸਵੇਰ 10 ਵਜੇ – ਦੁਪਹਿਰ 1 ਵਜੇ Harbor Light Church, 4760 Thornton Ave ਵਿਖੇ।

  ਇਹ ਵਰਕਸ਼ਾਪਾਂ ਕਮਿਊਨਿਟੀ ਮੈਂਬਰਾਂ ਨੂੰ ਸਵਾਲ ਪੁੱਛਣ ਅਤੇ ਨੈਵੀਗੇਸ਼ਨ ਸੈਂਟਰ ਮਾਡਲ ਬਾਰੇ ਜ਼ਿਆਦਾ ਜਾਣਨ ਦਾ ਮੌਕਾ ਦੇਣਗੀਆਂ। ਸਟਾਫ਼ ਫੀਡਬੈਕ ਅਤੇ ਸਵਾਲ ਜਵਾਬ ਲੈਣ ਲਈ ਉਪਲਬਧ ਹੋਵੇਗਾ। ਕੋਈ ਰਸਮੀ ਪ੍ਰਦਰਸ਼ਣ ਨਹੀਂ ਹੋਵੇਗਾ।

- **ਸਾਇਟ ਚੁਣਨ ਸਮੇਂ ਕੀ ਪਬਲਿਕ ਇਨਪੁਟ ਪ੍ਰਕਿਰਿਆ ਕੀਤੀ ਗਈ ਹੈ?**
  ਪਬਲਿਕ ਦੇ ਸਾਰੇ ਮੈਂਬਰਾਂ ਕੋਲ ਸਿਟੀ ਕੌਂਸਿਲ ਦੀਆ ਮੀਟਿੰਗਾਂ ਵਿੱਚ ਹਾਊਸਿੰਗ ਨੈਵੀਗੇਸ਼ਨ ਸੈਂਟਰ ਦੇ ਏਜੰਡੇ ਅਧੀਨ ਵਿਸ਼ੇ ਦੌਰਾਨ ਗੱਲ ਕਰਨ ਦਾ ਇੱਕ ਮੌਕਾ ਹੋਵੇਗਾ। ਜਨਤਾ hnc@fremont.gov ‘ਤੇ ਸਵਾਲ ਜਾਂ ਫੀਡਬੈਕ ਵੀ ਈ-ਮੇਲ ਕਰ ਸਕਦੀ ਹੈ। ਸਿਟੀ ਵਾਧੂ ਜਨਤਕ ਇਨਪੁਟ ਲਈ ਅਗਸਤ ਵਿੱਚ ਦੋ ਕਮਿਊਨਿਟੀ ਪਹੁੰਚ ਵਰਕਸ਼ਾਪਾਂ ਆਯੋਜਿਤ ਕਰੇਗੀ।

## ਨੈਵੀਗੇਸ਼ਨ ਸੈਂਟਰ ਦੇ ਪ੍ਰਤੀਭਾਗੀ

- **ਨੈਵੀਗੇਸ਼ਨ ਸੈਂਟਰ ਦੇ ਪ੍ਰਤੀਭਾਗੀਆਂ ਨੂੰ ਕਿਵੇਂ ਜਾਂਚਿਆ ਜਾਵੇਗਾ?**
  ਜਿਸ ਨਾਲ ਪ੍ਰਦਾਤਾ ਆਵਾਸਹੀਣਤਾ ਦੇ ਸਮੇਂ ਦੀ ਲੰਬਾਈ, ਕਮਜ਼ੋਰੀਆਂ ਜਿਵੇਂ ਸਿਹਤ-ਸਬੰਧੀ

ਲੋੜਾਂ ਆਦਿ ਸਹਿਤ ਵੱਖ-ਵੱਖ ਖੇਤਰਾਂ ਅਤੇ ਕਮਿਊਨਿਟੀ ਪ੍ਰਾਥਮਿਕਤਾਵਾਂ ਦੇ ਨਾਲ-ਨਾਲ ਸਿਟੀ ਅਤੇ ਕਮਿਊਨਿਟੀ ਤਰਜ਼ੀਹੀ "ਹਾਟ ਸਪਾਟਸ" ਜਾਂ ਵਿਅਕਤੀ ਜਿਹਨਾਂ ਦੇ ਸਕੋਰ ਕੋਰਡੀਨੇਟਰ ਐਂਟਰੀ ਪ੍ਰਾਥਮਿਕਤਾ ਲਿਸਟ ਜਿਸਨੂੰ ਬਾਏ ਨੇਮ ਲਿਸਟ ਵੀ ਕਿਹਾ ਜਾਂਦਾ ਹੈ 'ਤੇ ਬਹੁਤ ਅਸੁਰੱਖਿਅਤ ਹੁੰਦੇ ਹਨ ਦੀ ਸਮੀਖਿਆ ਕਰਦਾ ਹੈ। ਮੁਲਾਂਕਣ ਦੇ ਹਿੱਸੇ ਦੀ ਸਮੀਖਿਆ ਕੀਤੀ ਜਾਵੇਗੀ ਚਾਹੇ ਕਲਾਇੰਟ ਦੀ ਸਮੱਰਥਾ ਡੋਰਮ-ਸਟਾਇਲ ਰਿਹਾਇਸ਼ ਕਰਨ ਲਈ ਰਹਿਣ ਦੀ ਕਿਸੇਂ ਨਾ ਹੋਵੇ। ਕੌਂਸਿਲ ਕੋਲ ਪ੍ਰਵੇਸ਼ ਲਈ ਵਾਧੂ ਲੋੜਾਂ 'ਤੇ ਵਿਚਾਰ ਕਰਨ ਦਾ ਮੌਕਾ ਹੋਵੇਗਾ।

- **ਨੈਵੀਗੇਸ਼ਨ ਸੈਂਟਰ ਵਿੱਚ ਭਾਗ ਲੈਣ ਲਈ ਕਲਾਇੰਟਾਂ ਨੂੰ ਕਿਵੇਂ ਚੁਣਿਆ ਜਾਵੇਗਾ?**
  ਪੰਜਾਹ ਪ੍ਰਤੀਸ਼ਤ ਨੂੰ ਨਜ਼ਦੀਕੀ ਤੋਂ ਨੈਵੀਗੇਸ਼ਨ ਸੈਂਟਰ (ਅੱਧੇ ਉਸ ਜ਼ਿਲ੍ਹੇ ਤੋਂ) ਅਤੇ 50% ਟ੍ਰਾਈ-ਸਿਟੀਸ ਬਾਈ-ਨੇਮ ਲਿਸਟ ਤੋ ਚੁਣੇ ਜਾਣਗੇ (ਹੇਠਾਂ ਦਿੱਤਾ ਸਵਾਲ ਦੇਖੋ)।

  ਫ੍ਰੀਮੋਂਟ, ਨੇਵਾਰਕ ਅਤੇ ਯੂਨੀਅਨ ਸਿਟੀ ਨੇ ਟ੍ਰਾਈ-ਸਿਟੀ ਬੇਘਰ ਆਬਾਦੀ ਦੀ ਸੇਵਾ ਕਰਨ ਵਿੱਚ ਸਹਿਯੋਗਾਤਮਕ ਤਰੀਕੇ ਨਾਲ ਕੰਮ ਕੀਤਾ ਹੈ। ਸਿਟੀ ਅੱਫ਼ ਨੇਵਾਰਕ ਬੇਘਰ ਅਤੇ ਆਪਣੀਆਂ ਕਾਰਾਂ ਵਿੱਚ ਸੌਣ ਵਾਲੇ ਪਰਿਵਾਰਾਂ ਦੀ ਸੇਵਾ ਕਰ ਰਹੇ ਨੈਵੀਗੇਸ਼ਨ ਸੈਂਟਰ ਪ੍ਰੋਜੈਕਟ ਅਤੇ ਯੂਨੀਅਨ ਸਿਟੀ'ਸ ਸੇਰਾ ਵੇਨ ਪ੍ਰੋਗਰਾਮ ਲਈ ਫੰਡਿੰਗ ਕਰ ਰਹੇ HEAP ਦਾ ਉਹਨਾਂ ਦਾ ਹਿੱਸਾ ਦਿੰਦੇ ਹੋਏ, ਫ੍ਰੀਮੋਂਟ ਦੇ ਅਨੇਕਾਂ ਭਾਗੀਦਾਰਾਂ ਨੂੰ ਸਵੀਕਾਰ ਕਰਦਾ ਹੈ।

- **ਬਾਏ ਨੇਮ ਲਿਸਟ ਕੀ ਹੈ?**
  ਅਲਮੀਡਾ ਕਾਉਂਟੀ ਕੋਰਡੀਨੇਟਿਡ ਐਂਟਰੀ ਸਿਸਟਮ ਵਿੱਚ ਬਦਲ ਦਿੱਤੀ ਗਈ ਹੈ, ਜਿੱਥੇ ਹਰੇਕ ਬੇਘਰ ਵਿਅਕਤੀ ਆਪਣੀ ਨਿੱਜੀ ਸਥਿਤੀ ਅਤੇ ਸਹਾਇਤਾ ਦੀ ਲੋੜ ਬਾਰੇ ਕੋਰਡੀਨੇਟਿਡ ਪ੍ਰਵੇਸ਼ ਮੁਲਾਂਕਣ ਪੂਰਾ ਕਰਦਾ ਹੈ। ਕਲਾਇੰਟ ਦੀ ਲੋੜ 'ਤੇ ਆਧਾਰਿਤ, ਕੁਝ ਕਾਰਕਾਂ (ਸਵਾਲਾਂ) ਨੂੰ ਜ਼ਿਆਦਾ ਵਜ਼ਨ ਦਿੱਤਾ ਜਾਂਦਾ ਹੈ। ਉਦਾਹਰਨ ਲਈ, ਜੇ ਇੱਕ ਵਿਅਕਤੀ ਅਪਾਹਿਜ ਹੋ ਜਾਂਦਾ ਹੈ ਜਾਂ ਉਸਨੂੰ ਚਿਰਕਾਲੀਨ ਸਿਹਤ ਸਥਿਤੀਆਂ ਹਨ, ਜਾਂ ਉਹ ਬਿਰਧ ਹੈ ਜਾਂ ਉਸਦੇ ਛੋਟੇ ਬੱਚੇ ਹਨ ਆਦਿ, ਤਾਂ ਉਹਨੂੰ ਇਹ ਦਰਸਾਉਂਦੇ ਹੋਏ ਜ਼ਿਆਦਾ ਸਕੋਰ ਮਿਲਦਾ ਹੈ ਕਿ ਉਹ ਕਿਸੇ ਹੋਰ ਨਾਲੋਂ ਗਲੀ ਵਿੱਚ ਜ਼ਿਆਦਾ ਅਸੁਰੱਖਿਅਤ ਹਨ।

  ਉਹ ਵਿਅਕਤੀ ਜੋ ਜ਼ਿਆਦਾ ਅਸੁਰੱਖਿਅਤ ਹੁੰਦੇ ਹਨ, ਉਹਨਾਂ ਦਾ ਨਾਮ ਸਥਾਈ ਸਹਾਇਕ ਹਾਊਸਿੰਗ ਵਿੱਚ ਪ੍ਰਾਥਮਿਕ ਸਥਾਨ ਨਿਯੋਜਨ ਲਈ ਬਾਏ ਨੇਮ ਲਿਸਟ ਦੇ ਟਾੱਪ ਵਿੱਚ ਰੱਖਿਆ ਜਾਂਦਾ ਹੈ। ਕਾਉਂਟੀ ਦਾ ਹਰ ਭੂਗੋਲਿਕ ਖੇਤਰ ਉਹਨਾਂ ਦੇ ਖਾਸ ਖੇਤਰਾਂ (ਫ੍ਰੀਮੋਂਟ, ਨੇਵਾਰਕ ਅਤੇ ਯੂਨੀਅਨ ਸਿਟੀ) ਵਿੱਚ ਉਹ ਨਾਮ ਪ੍ਰਾਪਤ ਕਰਦਾ ਹੈ ਜਿਹਨਾਂ ਨੂੰ ਹਾਊਸਿੰਗ ਦੀ ਜ਼ਿਆਦਾ ਲੋੜ ਹੁੰਦੀ ਹੈ। ਲਿਸਟ ਪਰਿਵਰਤਨਸ਼ੀਲ ਹੁੰਦੀ ਹੈ ਜਿਸਦਾ ਅਰਥ ਹੈ ਕਿ ਜਿਵੇਂ ਨਵੇਂ ਮੁਲਾਂਕਣ ਕੀਤੇ ਜਾਂਦੇ ਹਨ, ਲਿਸਟ ਵਿੱਚ ਵਿਅਕਤੀ ਦੀ ਸਥਿਤੀ ਬਦਲੀ ਜਾ ਸਕਦੀ ਹੈ।

- **ਕੀ ਨਸ਼ਾ ਕਰਨ ਜਾਂ ਸ਼ਰਾਬ ਪੀਣ ਵਾਲੇ ਲੋਕ ਰੱਖੇ ਜਾਣਗੇ?**
  ਨੈਵੀਗੇਸ਼ਨ ਸੈਂਟਰ ਨਸ਼ਾ ਕਰਨ ਜਾਂ ਸ਼ਰਾਬ ਪੀਣ ਦੀ ਇਜਾਜ਼ਤ ਨਹੀ ਦਿੰਦੇ। ਕਲਾਇੰਟ ਸਾਇਟ 'ਤੇ ਨਹੀਂ ਵਰਤ ਸਕਦੇ ਅਤੇ ਉਹਨਾਂ ਨੂੰ ਵਰਤਣਾ ਵੀ ਨਹੀਂ ਚਾਹੀਦਾ। ਕਈ ਨੈਵੀਗੇਸ਼ਨ ਸੈਂਟਰ ਅਤੇ ਸੇਵਾ ਪ੍ਰਦਾਤਾ ਇੱਕ ਨੁਕਸਾਨ ਕਟੌਤੀ ਮਾਡਲ ਲਾਗੂ ਕਰਦੇ ਹਨ ਜਿਸ ਵਿੱਚ ਪ੍ਰੋਗਰਾਮ ਵਿੱਚ ਭਾਗ ਲੈਣ ਵਾਲਿਆਂ ਨੂੰ ਵਰਤੋਂ ਲਈ

ਬੇਦਖ਼ਲ ਨਹੀਂ ਕੀਤਾ ਜਾਵੇਗਾ ਅਤੇ ਕਲਾਇੰਟ ਸਾਫ਼ ਅਤੇ ਸ਼ਾਂਤ ਤੱਕ ਸੀਮਿਤ ਨਹੀਂ ਹੋਣਗੇ। ਰਿਕਵਰੀ ਦੇ ਸਮੱਰਥਨ ਲਈ ਸੇਵਾਵਾਂ ਦੀ ਪੇਸ਼ਕਸ਼ ਕੀਤੀ ਜਾਵੇਗੀ ਅਤੇ ਉਹਨਾਂ ਲਈ ਉਤਸਾਹਿਤ ਕੀਤਾ ਜਾਵੇਗਾ ਜਿਹਨਾਂ ਨੂੰ ਨਸ਼ੇ ਦੀ ਦੁਰਵਰਤੋਂ ਦੀ ਸਮੱਸਿਆ ਹੈ।

- **ਕੀ ਮਾਨਸਿਕ ਸਿਹਤ ਮੁੱਦਿਆਂ ਨਾਲ ਪ੍ਰਭਾਵਿਤ ਲੋਕਾਂ ਨੂੰ ਭਰਤੀ ਕੀਤਾ ਜਾਵੇਗਾ?**
  ਮਾਨਸਿਕ ਰੋਗ ਸਾਰੀਆਂ ਸਮਾਜਿਕ-ਆਰਥਿਕ, ਨਸਲੀ, ਅਤੇ ਸੰਸਕ੍ਰਿਤਿਕ ਹੱਦਾਂ ਤੋਂ ਕੱਟ ਦਿੰਦਾ ਹੈ। ਮਾਨਸਿਕ ਸਿਹਤ ਮੁੱਦਿਆਂ ਵਾਲੇ ਬੇਘਰ ਵਿਅਕਤੀ ਨੈਵੀਗੇਸ਼ਨ ਸੈਂਟਰ ਵਿੱਚ ਸਵੀਕਾਰ ਕੀਤੇ ਜਾਣਗੇ। ਉਚਿਤ ਮੈਡੀਕਲ ਦੇਖਭਾਲ ਅਤੇ ਇੰਟਰਵੈਂਸ਼ਨ ਦੀ ਮੰਗ ਕਰਨ ਵਾਲੇ ਭਾਗੀਦਾਰਾਂ ਦੀ ਸਹਾਇਤਾ ਸੇਵਾਵਾਂ ਦੇ ਕੇ ਮਦਦ ਕੀਤੀ ਜਾਵੇਗੀ। ਉਚਿਤ ਦਵਾਈ (ਲੋੜ ਪੈਣ ‘ਤੇ) ਅਤੇ ਉਹਨਾਂ ਦੀਆਂ ਲੋੜਾਂ ਪੂਰੀਆਂ ਕਰਨ ਲਈ ਤਿਆਰ ਸੇਵਾਵਾਂ ਦੀ ਵਿਸਤ੍ਰਿਤ ਰੇਂਜ ਦੇ ਨਾਲ, ਮਾਨਸਿਕ ਸਿਹਤ ਚੁਣੌਤੀਆਂ ਨਾਲ ਜੀ ਰਹੇ ਜ਼ਿਆਦਾਤਰ ਲੋਕਾਂ ‘ਤੇ ਉਹਨਾਂ ਦੀ ਸਥਿਤੀ ਦੇ ਨਕਾਰਾਤਮਕ ਪ੍ਰਭਾਵਾਂ ਨੂੰ ਮਹੱਤਵਪੂਰਨ ਤਰੀਕੇ ਨਾਲ ਘਟਾਇਆ ਜਾ ਸਕਦਾ ਹੈ ਅਤੇ ਸੰਤੋਸ਼ਜਨਕ ਉਪਲਬਧੀ ਅਤੇ ਆਜ਼ਾਦੀ ਦਾ ਉਪਾਅ ਖੋਜਿਆ ਜਾ ਸਕਦਾ ਹੈ।

- **ਆਮ ਜਨਸੰਖਿਆ ਦਾ ਕਿੰਨਾ ਪ੍ਰਤੀਸ਼ਤ ਮਾਨਸਿਕ ਰੋਗ ਨਾਲ ਪੀੜ੍ਹਿਤ ਹੁੰਦਾ ਹੈ ਅਤੇ ਕੀ ਮਾਨਸਿਕ ਰੋਗ ਨਾਲ ਪੀੜ੍ਹਿਤ ਲੋਕ ਸਫ਼ਲ ਅਤੇ ਲਾਹੇਵੰਦ ਜੀਵਨ ਜੀ ਸਕਦੇ ਹਨ?**
  5 ਅਮਰੀਕੀਆਂ ਵਿੱਚੋਂ 1 ਵਿਅਸਕ ਕਿਸੇ ਦਿੱਤੇ ਗਏ ਗਏ ਸਾਲ ਵਿੱਚ ਮਾਨਸਿਕ ਸਿਹਤ ਦੀਆਂ ਚੁਣੌਤੀਆਂ ਦੇ ਕਿਸੇ ਰੂਪ ਨਾਲ ਪੀੜ੍ਹਿਤ ਹੁੰਦਾ ਹੈ। ਜਨਸੰਖਿਆ ਵਿੱਚ,ਹਰ 25 ਵਿਅਸਕਾਂ ਵਿੱਚੋਂ 1ਗੰਭੀਰ ਮਾਨਸਿਕ ਸਿਹਤ ਜਿਵੇਂ ਸਿਜ਼ੋਫ੍ਰੇਨੀਆ, ਬਾਇਪੋਲਰ ਵਿਕਾਰ ਜਾਂ ਦੀਰਘਕਾਲੀਨ ਹੋਣ ਵਾਲੇ ਵੱਡੇ ਡਿਪਰੈਸ਼ਨ ਵਰਗੀ ਗੰਭੀਰ ਮਾਨਸਿਕ ਸਿਹਤ ਬਿਮਾਰੀ ਨਾਲ ਪੀੜ੍ਹਿਤ ਹੁੰਦਾ ਹੈ।

  ਕੁਝ ਮਾਨਸਿਕ ਵਿਕਾਰਾਂ ਦੀ ਚਿਰਕਾਲੀਨ ਅਤੇ ਦੀਰਘਕਾਲੀਨ ਪ੍ਰਕਿਰਤੀ ਹੋਣ ਦੇ ਬਾਵਜੂਦ, ਸਹੀ ਉਪਚਾਰ ਦੇ ਨਾਲ, ਮਾਨਸਿਕ ਵਿਕਾਰਾਂ ਨਾਲ ਪੀੜ੍ਹਿਤ ਲੋਕ ਲਾਹੇਵੰਦ ਜੀਵਨ ਜੀ ਸਕਦੇ ਹਨ ਅਤੇ ਆਪਣੇ ਸਮੁਦਾਇਆਂ ਦਾ ਮਹੱਤਵਪੂਰਨ ਹਿੱਸਾ ਬਣ ਸਕਦੇ ਹਨ। 70-90% ਵਿਅਕਤੀਆਂ ਦੇ ਲੱਛਣਾਂ ਦੀ ਅਹਿਮ ਕਮੀ ਅਤੇ ਫਾਰਮੈਕੋਲੋਜੀਕਲ ਅਤੇ ਮਨੋਸਮਾਜਿਕ ਵਿਕਾਰ ਅਤੇ ਮਦਦਾਂ ਦੇ ਸੁਮੇਲ ਨਾਲ ਜੀਵਨ ਦੀ ਉੱਨਤ ਕਵਾਲਿਟੀ ਹੁੰਦੀ ਹੈ।

  ਇਸ ਤੋਂ ਇਲਾਵਾ, ਅਜਿਹਾ ਉਚਿਤ ਪ੍ਰਮਾਣ ਹੈ ਕਿ ਇਕ ਵਾਰ ਮਾਨਸਿਕ ਰੋਗ ਵਾਲਾ ਵਿਅਕਤੀ ਸਥਾਈ ਘਰ ਵਿੱਚ ਜਿਉਂਦਾ ਹੈ, ਉਹਨਾਂ ਦੇ ਕਈ ਲੱਛਣਾਂ ਵਿੱਚ ਸੁਧਾਰ ਹੁੰਦਾ ਹੈ ਜਾਂ ਘੱਟ ਜਾਂਦੇ ਹਨ। ਬਿਨਾਂ ਸ਼ਰਨ ਸਥਾਨ ਦੇ ਹੋਣ ਵਾਲਾ ਤਨਾਅ ਅਤੇ ਡਰ ਨਹੀਂ ਤਾਂ ਵਿਵਸਥਿਤ ਸਥਿਤੀਆਂ ਨੂੰ ਵਿਗਾੜ ਸਕਦਾ ਹੈ।

- **ਕੀ ਹੋਵੇਗਾ ਜੇ ਕੋਈ ਨੈਵੀਗੇਸ਼ਨ ਸੈਂਟਰ ‘ਤੇ ਹਿੰਸਕ ਹੋ ਜਾਂਦਾ ਹੈ ਜਾਂ ਹੋਰ ਨਿਯਮ ਤੋੜਦਾ ਹੈ?**
  ਨੈਵੀਗੇਸ਼ਨ ਸੈਂਟਰ ‘ਤੇ ਹਿੰਸਾ ਕਰਨ ਦੀ ਇਜਾਜ਼ਤ ਨਹੀਂ ਹੈ ਅਤੇ ਪ੍ਰਤੀਭਾਗੀਆਂ ਨੂੰ ਸੈਂਟਰ ਵਿੱਚ ਹਿੰਸਾ ਕਰਨ ਦੇ ਕਾਰਨ ਤੋਂ ਹਟਾਇਆ ਜਾ ਸਕਦਾ ਹੈ। ਸੰਚਾਲਕ ਫ੍ਰੀਮੋਂਟ ਪੁਲਿਸ ਵਿਭਾਗ ਨਾਲ ਨਜ਼ਦੀਕੀ ਤੌਰ ‘ਤੇ ਕੰਮ ਕਰਨਗੇ ਜੇ ਕਾਨੂੰਨ ਪਾਲਣ ਤੋਂ ਸਹਾਇਤਾ ਦੀ ਲੋੜ ਪੈਂਦੀ ਹੈ।

## ਨੈਵੀਗੇਸ਼ਨ ਸੈਂਟਰ ਪ੍ਰਚਾਲਨ/ਸੰਚਾਲਨ

- **ਫ੍ਰੀਮੋਂਟ ਦਾ ਨੈਵੀਗੇਸ਼ਨ ਸੈਂਟਰ ਕੌਣ ਚਲਾਵੇਗਾ?**

  ਸਿਟੀ ਦੁਆਰਾ ਜਾਣਕਾਰੀ ਲਈ ਇੱਕ ਬੇਨਤੀ ਕੀਤੀ ਗਈ ਅਤੇ ਪੰਜ ਸੰਭਾਵਿਤ  ਸੇਵਾ ਸੰਚਾਲਕਾਂ ਨੂੰ ਭੇਜਿਆ ਗਿਆ। ਦੋ ਉੱਚ ਯੋਗ ਏਜੰਸੀਆਂ ਨੇ ਪ੍ਰਸਤਾਵ ਸਬਮਿਟ ਕੀਤੇ। ਸਿਟੀ ਮੈਨੇਜਰ ਦੇ ਦਫ਼ਤਰ, ਪੁਲਿਸ ਵਿਭਾਗ, ਮਨੁੱਖੀ ਸੇਵਾ ਵਿਭਾਗ, ਕਮਿਊਨਿਟੀ ਸੇਵਾ ਵਿਭਾਗ ਅਤੇ ਦੋ ਕਮਿਊਨਿਟੀ ਮੈਂਬਰਾਂ ਦੇ ਛੇ ਰੇਟਰਾਂ ਨਾਲ ਲਿਖਤੀ ਸਵਾਲਾਂ ਅਤੇ ਇੰਟਰਵਿਊਆਂ ਦੇ ਜਵਾਬ ਤੋਂ ਬਾਅਦ। ਬੇ ਏਰੀਆ ਕਮਿਊਨਿਟੀ ਸਰਵਿਸਿਜ਼ (BACS) ਹਾਊਸਿੰਗ ਨੈਵੀਗੇਸ਼ਨ ਸੈਂਟਰ ਦਾ ਸੰਭਾਵਿਤ ਸੰਚਾਲਕ ਚੁਣਿਆ ਗਿਆ, ਜੇ ਸਿਟੀ ਕੌਂਸਿਲ ਸਥਾਨ ‘ਤੇ ਇਸ ਪ੍ਰੋਜੈਕਟ ਨਾਲ ਅੱਗੇ ਵਧਣ ਦਾ ਨਿਰਣਾ ਲੈਂਦਾ ਹੈ, ਜੋ ਕਿ ਅਜੇ ਸਿਟੀ ਦੁਆਰਾ ਨਿਰਧਾਰਿਤ ਕੀਤਾ ਜਾਵੇਗਾ।

  BACS ਬਾਰਕਲੇ ਸਟੇਅਰ ਸੈਂਟਰ,  ਓਕਲੈਂਡ’ਸ ਦੇ ਦੋ ਨੈਵੀਗੇਸ਼ਨ ਸੈਂਟਰਾਂ ਦਾ ਸੰਚਾਲਕ ਹੈ ਅਤੇ ਇਸਨੂੰ ਹੇਵਾਰਡ ਵਿੱਚ ਨੈਵੀਗੇਸ਼ਨ ਸੈਂਟਰ ਲਈ ਸੰਚਾਲਕ ਚੁਣਿਆ ਗਿਆ ਸੀ। BACS ਮੌਜੂਦਾ ਸੇਵਾਵਾਂ ਨੂੰ ਤੇਜ਼ੀ ਨਾਲ ਦੁਹਰਾਉਣ ਅਤੇ ਸੰਚਾਲਣਾਂ ਨੂੰ ਵਧਾਉਣ ਦੇ ਯੋਗ ਹੋਣ ਦੀ ਉਮੀਦ ਕਰਦਾ ਹੈ। BACS ਨੂੰ ਆਵਾਸਹੀਣਤਾ ਦਾ ਅਨੁਭਵ ਕਰਨ ਵਾਲੇ ਵਿਅਕਤੀਆਂ ਲਈ ਨੈਵੀਗੇਸ਼ਨ ਸੇਵਾਵਾਂ ਦਿੰਦੇ ਹੋਏ ਵਿਸਤ੍ਰਿਤ ਅਨੁਭਵ ਹੈ। BACS ਨੇ 1974 ਤੋਂ ਸੰਚਾਲਿਤ ਸ਼ੁਰੂ ਕੀਤਾ ਹੈ।  BACS ਸਾਊਥ ਕਾਉਂਟੀ ਵੈੱਲਨੈਸ ਸੈਂਟਰ ਜੋ ਕਿ ਗ੍ਰਿਮਰ ਬੋਲਵਾਰਡ ‘ਤੇ ਹੈ, ਇਹ ਬੇਘਰ ਵਿਅਸਕਾਂ ਅਤੇ ਵਿਹਾਰਿਕ ਸਿਹਤ ਚੁਣੌਤੀਆਂ ਅਤੇ ਘਰ ਸਬੰਧੀ ਅਸੁਰੱਖਿਆ ਵਾਲੇ ਵਿਅਸਕਾਂ ਲਈ ਡ੍ਰਾੱਪ-ਇਨ ਸਾਇਟ ਹੈ। ਇਹ ਸਾਇਟ ਸ਼ਾਵਰ, ਭੋਜਨ ਦਿੰਦੀ ਹੈ ਅਤੇ ਜਲਦ ਹੀ ਇਹ ਲਾਂਡਰੀ ਸੇਵਾਵਾਂ ਦੇ ਨਾਲ-ਨਾਲ ਹਾਊਸਿੰਗ ਸਹਾਇਤਾ, ਰੁਜ਼ਗਾਰ ਸਹਾਇਤਾ ਅਤੇ ਵੱਖ-ਵੱਖ ਕਿਸਮ ਦੇ ਕੌਂਸਲਿੰਗ ਅਤੇ ਸਹਾਇਤਾ ਸਮੂਹ ਪ੍ਰੋਗਰਾਮਾਂ ਦੀ ਪੇਸ਼ਕਸ਼ ਵੀ ਕਰੇਗੀ।

- **ਨੈਵੀਗੇਸ਼ਨ ਸੈਂਟਰ ਦੇ ਸੰਚਾਲਨ ਲਈ ਕੀ ਨਿਯਮ ਹਨ?**

  ਨਿਯਮ ਸੇਵਾ ਸੰਚਾਲਕ ਦੇ ਆਧਾਰ ‘ਤੇ ਵੱਖ-ਵੱਖ ਹੋ ਸਕਦੇ ਹਨ, ਪਰ ਆਮ ਤੌਰ ‘ਤੇ ਹਿੰਸਕ ਵਿਹਾਰ ਦਾ ਕੋਈ ਕੰਮ ਗੈਰ-ਕਾਨੂੰਨੀ ਨਸ਼ੇ ਦੀ ਵਰਤੋਂ ਜਾਂ ਵਿਕਰੀ ਸਾਇਟ ਤੋਂ ਵਿਅਕਤੀ ਨੂੰ ਕੱਢਣ ਨਾਲ ਸਬੰਧਿਤ ਹੋ ਸਕਦਾ ਹੈ।

- **ਨੈਵੀਗੇਸ਼ਨ ਸੈਂਟਰਾਂ ਵਿੱਚ ਪ੍ਰਵੇਸ਼ ਲਈ ਘੱਟ ਰੁਕਾਵਟ ਸੀਮਾਵਾਂ ਹਨ। ਉਸਦਾ ਕੀ ਅਰਥ ਹੈ?**

  ਘੱਟ-ਰੁਕਾਵਟ ਪ੍ਰਵੇਸ਼ ਉਹਨਾਂ ਲੋਕਾਂ ਨੂੰ ਸਵੀਕਾਰ ਕਰਨ ਦਾ ਤਰੀਕਾ ਹੈ ਜੋ ਅੰਦਰ ਆਸਾਨੀ ਨਾਲ ਨਹੀਂ ਆਉਂਦੇ। ਸਾਡੇ ਜ਼ਿਆਦਾਤਰ ਅਸੁਰੱਖਿਅਤ ਕਮਿਊਨਿਟੀ ਮੈਂਬਰ ਇਕੱਲੇ ਹੋ ਸਕਦੇ ਹਨ ਅਤੇ ਉਹ ਆਸਾਨੀ ਨਾਲ ਦੂਜਿਆਂ ‘ਤੇ ਯਕੀਨ ਨਹੀਂ ਕਰਦੇ। ਉਹ ਸਫ਼ਲ ਨਤੀਜਿਆਂ ਬਗੈਰ ਪਹਿਲਾਂ ਤੋਂ ਸੇਵਾਵਾਂ ਖੋਜ ਸਕਦੇ ਹਨ? ਉਹਨਾਂ ਨੂੰ ਮਾਨਸਿਕ ਸਿਹਤ ਜਾਂ ਨਸ਼ੇ ਦੀ ਵਰਤੋਂ ਸਬੰਧੀ ਚੁਣੌਤੀਆਂ ਹੋ ਸਕਦੀਆਂ ਹਨ ਜਾਂ ਉਹ ਆਪਣੇ ਜੀਵਨ ਵਿੱਚ ਮਾਨਸਿਕਘਾਤ ਤੋਂ ਪ੍ਰਭਾਵਿਤ ਹੋ ਸਕਦੇ ਹਨ ਜਾਂ ਗਲੀ ਵਿੱਚ ਰਹਿੰਦੇ ਹੋ ਸਕਦੇ ਹਨ। ਇਹ ਵਿਸ਼ੇਸ਼ਤਾਵਾਂ ਘੱਟ-ਰੁਕਾਵਟ ਪ੍ਰੋਗਰਾਮ ਵਿੱਚ ਚੁਣੇ ਜਾਣ ਦਾ ਨਿਰਧਾਰਕ ਨਹੀਂ ਹਨ। ਭਾਗੀਦਾਰੀ, ਹਾਲਾਂਕਿ ਭਾਗ ਲੈਣ ਅਤੇ ਸੰਚਾਲਣ ਦੇ ਕਮਿਊਨਿਟੀ ਨਿਯਮਾਂ/ਸੰਭਾਵਨਾਵਾਂ ਦਾ ਪਾਲਣ ਕਰਨ ਦੀ ਲੋੜ ਹੈ।



CITY OF Fremont

- **ਗੰਦਗੀ ਬਾਰੇ ਕੀ ਗੱਲ ਹੈ; ਕੀ ਨੈਵੀਗੇਸ਼ਨ ਸੈਂਟਰ ਬੇਕਾਰ ਹੋਵੇਗਾ ਅਤੇ ਸ਼ਾਪਿੰਗ ਕਾਰਟਾਂ ਅਤੇ ਗੰਦਗੀ ਲਈ ਖਿੱਚ ਹੋਵੇਗਾ?**

  ਨੈਵੀਗੇਸ਼ਨ ਸੈਂਟਰ ਹਰੇਕ ਪ੍ਰਤੀਭਾਗੀ ਨੂੰ ਉਚਿਤ ਸੁਰੱਖਿਅਤ ਸਟੋਰੇਜ ਦੇਵੇਗਾ ਅਤੇ ਉਹਨਾਂ ਚੀਜ਼ਾਂ ਨੂੰ ਸੀਮਿਤ ਕਰੇਗਾ ਜੋ ਪ੍ਰਤੀਭਾਗੀ ਸੈਂਟਰ ਵਿੱਚ ਲੈ ਕੇ ਆਉਣਗੇ। ਇਹ ਅਕਸਰ ਵੰਡਣ ਲਈ ਵਿਅਕਤੀਆਂ ਲਈ ਨਿੱਜੀ ਪ੍ਰਕਿਰਿਆ ਹੁੰਦੀ ਹੈ ਜੋ ਉਹਨਾਂ ਲਈ ਹੁਣ ਵਡਮੁੱਲੀ ਨਹੀਂ ਹੈ। ਇਸ ਤੋਂ ਇਲਾਵਾ, ਸ਼ਾਪਿੰਗ ਕਾਰਟਾਂ ਨੂੰ ਅਕਸਰ ਵਰਤਿਆ ਜਾਂਦਾ ਹੈ ਕਿਉਂਕਿ ਉਹ ਗਤੀਸ਼ੀਲ ਹੁੰਦੇ ਹਨ ਅਤੇ ਬੇਘਰ ਲੋਕ ਅਕਸਰ ਘੁੰਮਦੇ ਹਨ ਅਤੇ ਇਲਾਕਿਆਂ ਤੋਂ ਬਾਹਰ ਰਹਿਣ ਲਈ ਮਜ਼ਬੂਤ ਹੁੰਦੇ ਹਨ, ਰਹਿਣ ਲਈ ਇੱਕ ਸਥਾਨ ਅਤੇ ਸੈਂਟਰ ਵਿੱਚ ਸਟੋਰ ਚੀਜ਼ਾਂ ਕਾਰਟ ਦੀ ਲੋੜ ਘਟਾਉਣਗੀਆਂ।

  ਸੈਂਟਰ ਦਾ ਸੰਚਾਲਕ ਇਹ ਯਕੀਨੀ ਬਣਾਉਣ ਲਈ ਸੈਂਟਰ ਦੇ ਆਲੇ-ਦੁਆਲੇ ਦੇ ਇਲਾਕੇ ਨੂੰ ਬਣਾਏ ਰੱਖਣ ਲਈ ਜ਼ਿੰਮੇਵਾਰ ਹੋਵੇਗਾ ਕਿ ਸਾਈਡਵਾਕ ਅਤੇ ਗਲੀਆਂ ਸਾਫ਼ ਅਤੇ ਚੱਲਣ ਦੇ ਯੋਗ ਹੋਣ।

- **ਜੇ ਭਾਗੀਦਾਰਾਂ ਨੂੰ ਨੈਵੀਗੇਸ਼ਨ ਸੈਂਟਰ ਵਿੱਚ ਆਪਣੇ ਪਾਲਤੂ ਜਾਨਵਰ ਨਾਲ ਲਿਆਉਣ ਦੀ ਇਜਾਜ਼ਤ ਦਿੱਤੀ ਜਾਂਦੀ ਹੈ, ਤਾਂ ਉਹ ਉਹਨਾਂ ਦੀ ਦੇਖਭਾਲ ਕਿਵੇਂ ਕਰਨਗੇ?**

  ਪ੍ਰਤੀਭਾਗੀ ਆਪਣੇ ਪਾਲਤੂ ਜਾਨਵਰਾਂ ਦੀ ਸੰਭਾਲ ਅਤੇ ਨਿਗਰਾਨੀ ਲਈ ਜ਼ਿੰਮੇਵਾਰ ਹਨ, ਜਿਵੇਂ ਉਹ ਪਹਿਲਾਂ ਸਨ ਜਦ ਉਹ ਬਾਹਰ ਰਹਿ ਰਹੇ ਸਨ। ਪਾਲਤੂ ਜਾਨਵਰ ਹਰ ਸਮੇਂ ਉਹਨਾਂ ਦੇ ਮਾਲਕ ਦੇ ਕੰਟਰੋਲ ਵਿੱਚ ਹੋਣੇ ਚਾਹੀਦੇ ਹਨ।

- **ਨੈਵੀਗੇਸ਼ਨ ਸੈਂਟਰ ਭਾਗੀਦਾਰਾਂ ਨੂੰ ਭੋਜਨ ਖੁਆਉਣ ਦੀ ਕੀ ਯੋਜਨਾ ਹੈ?**

  ਆਮ ਤੌਰ 'ਤੇ ਨੈਵੀਗੇਸ਼ਨ ਸੈਂਟਰ ਦਾ ਸੰਚਾਲਕ ਭਾਗੀਦਾਰਾਂ ਨੂੰ ਪ੍ਰਤੀਦਿਨ ਇੱਕ ਭੋਜਨ ਦਿੰਦਾ ਹੈ ਅਤੇ ਭਾਗੀਦਾਰਾਂ ਨਾਲ ਭੋਜਨ ਦੇਣ ਦੇ ਇਰਾਦੇ ਨਾਲ ਸਟਾਫ਼ ਨਾਲ ਕੰਮ ਕਰਦਾ ਹੈ ਤਾਂ ਜੋ ਉਹ ਦੀਰਘਕਾਲੀਨ ਉਚਿਤਤਾ ਪ੍ਰਤੀ ਕੌਸ਼ਲ ਸਿੱਖਣ। ਭੋਜਨ ਸਟੋਰੇਜ ਅਤੇ ਭੋਜਨ ਗਰਮ ਕਰਨ ਲਈ ਇੱਕ ਰੀਫ੍ਰੀਜਰੇਟਰ ਅਤੇ ਮਾਇਕ੍ਰੋਵੇਵ ਦਿੱਤਾ ਜਾਂਦਾ ਹੈ।

- **ਜੇ ਨੈਵੀਗੇਸ਼ਨ ਸੈਂਟਰ ਦੇ ਪ੍ਰਤੀਭਾਗੀ ਬੇਰੁਜ਼ਗਾਰ ਹਨ, ਤਾਂ ਉਹਨਾਂ ਤੋਂ ਆਪਣਾ ਭੋਜਨ ਖਰੀਦਣ ਅਤੇ ਮੁੱਢਲੀਆਂ ਲੋੜਾਂ ਪੂਰੀਆਂ ਕਰਨ ਦੀ ਉਮੀਦ ਕਿਵੇਂ ਕੀਤੀ ਜਾ ਸਕਦੀ ਹੈ?**

  ਬੇਘਰ ਵਿਅਕਤੀਆਂ ਕੋਲ ਆਮਦਨ ਦੇ ਲਈ ਸਰੋਤਾਂ ਤੱਕ ਪਹੁੰਚ ਹੁੰਦੀ ਹੈ। ਉਹ ਅਲਮੀਡਾ ਕਾਉਂਟੀ ਸੋਸ਼ਲ ਸਰਵਿਸਿਜ਼ ਦੁਆਰਾ ਆਮ ਸਹਾਇਤਾ (GA) ਲੈ ਸਕਦੇ ਹਨ ਤੇ ਬਜ਼ੁਰਗ ਵਿਅਸਕ ਸਮਾਜਿਕ ਸੁਰੱਖਿਆ ਲੈ ਸਕਦੇ ਹਨ। ਕਈਆਂ ਨੂੰ ਵੈਟਰਨ ਲਾਭ ਮਿਲ ਸਕਦੇ ਹਨ ਜਾਂ ਉਹ ਬੇਰੁਜ਼ਗਾਰ ਰਹਿ ਸਕਦੇ ਹਨ ਅਤੇ ਕੁਲ ਕਾੱਲ ਫਰੈਸ਼ (ਫੂਡ ਸਟੈਂਪਸ) ਦੇ ਯੋਗ ਹੋ ਸਕਦੇ ਹਨ। ਕਈ ਜੋ ਸਥਾਈ ਤੌਰ 'ਤੇ ਅਪਾਹਿਜ ਹਨ, ਉਹ ਸੋਸ਼ਲ ਸਿਕਉਰਿਟੀ ਦਫ਼ਤਰ ਤੋਂ SSDI ਅਪਾਹਿਜਤਾ ਭੁਗਤਾਨ ਲੈਂਦੇ ਹਨ।

- **ਕਿਸ ਪ੍ਰਕਾਰ ਦੀਆਂ ਇਮਾਰਤਾਂ ਦੀ ਵਰਤੋਂ ਨੈਵੀਗੇਸ਼ਨ ਸੈਂਟਰ ਲਈ ਕੀਤੀ ਜਾਵੇਗੀ? ਨੈਵੀਗੇਸ਼ਨ ਸੈਂਟਰ ਕਲਾਤਮਕ ਤੌਰ 'ਤੇ ਜਿਸ ਵਰਗਾ ਲੱਗੇਗਾ?**

  ਨੈਵੀਗੇਸ਼ਨ ਸੈਂਟਰ ਡਬਲ ਵਾਇਡ ਪੋਰਟੇਬਲ ਇਮਰਤਾਂ ਵਰਤਣ 'ਤੇ ਵਿਚਾਰ ਕਰਦਾ ਹੈ, ਇਹ ਆਮ ਤੌਰ 'ਤੇ ਸ਼ਹਿਰ ਦੇ ਸਕੂਲਾਂ ਦੇ ਸਥਾਨਾਂ 'ਤੇ ਮਿਲਦੀਆਂ ਹਨ ਅਤੇ ਰੋਜ਼ਾਨਾ ਹਜ਼ਾਰਾਂ ਫ੍ਰੀਮੋਂਟ ਵਿਦਿਆਰਥੀਆਂ ਦੁਆਰਾ

ਵਰਤੀਆਂ ਜਾਂਦੀਆਂ ਹਨ। ਪ੍ਰਕਿਰਤੀ ਵਿੱਚ ਪੋਰਟੇਬਲ ਅਤੇ ਅਸਥਾਈ, ਇਹਨਾਂ ਬਿਲਡਿੰਗ ਦੀ ਉਚਿਤ ਭੂ-ਦ੍ਰਿਸ਼ ਨਿਰਮਾਣ ਦੇ ਨਾਲ ਜਾਲੀਆਂ ਅਤੇ ਭੂ-ਦ੍ਰਿਸ਼ ਨਿਰਮਾਣ ਨੂੰ ਆਕਰਸ਼ਕ ਬਣਾਇਆ ਜਾ ਸਕਦਾ ਹੈ। ਆਕਰਸ਼ਕ ਵਾੜ ਅਤੇ ਭੂ-ਦ੍ਰਿਸ਼ ਨਿਰਮਾਣ ਭਾਗੀਦਾਰਾਂ ਲਈ ਨਿੱਜੀਤਾ ਅਤੇ ਸਥਾਨਕ ਨਿਵਾਸੀਆਂ ਤੋਂ ਸੈਂਟਰ ਦੀ ਜਾਂਚ ਦੀ ਸੁਵਿਧਾ ਦੇ ਸਕਦੀ ਹੈ। ਰਾਜ ਨੇ ਨੈਵੀਗੇਸ਼ਨ ਸੈਂਟਰਾਂ ਲਈ ਡਿਜ਼ਾਇਨ ਜਾਂ ਵਿਸ਼ੇਸ਼ ਵਿਵਰਣ ਨਿਯੰਤਰਿਤ ਨਹੀਂ ਕਰਦਾ।

- **ਨੈਵੀਗੇਸ਼ਨ ਸੈਂਟਰ ਬਣਾਉਣ 'ਤੇ ਕਿੰਨਾ ਖ਼ਰਚ ਆਵੇਗਾ?**
  ਸਿਟੀ ਔੱਫ਼ ਫ੍ਰੀਮੋਂਟ ਵਰਤਮਾਨ ਵਿੱਚ ਵਿਸਤ੍ਰਿਤ ਲਾਗਤ ਯੋਜਨਾ ਸਹਿਤ ਵਿਚਾਰਿਕ ਯੋਜਨਾ ਤਿਆਰ ਕਰ ਰਿਹਾ ਹੈ, ਜੋ ਸਿਟੀ ਹਾਲ (ਰੀਅਰ ਪਾਰਕਿੰਗ ਲਾੱਟ) ਅਤੇ ਡੀਕੋਟ ਸਰਪਲੱਸ ਪ੍ਰਾੱਪਰਟੀ ਸਾਈਟ ਦੋਵਾਂ 'ਤੇ ਨੈਵੀਗੇਸ਼ਨ ਸੈਂਟਰ ਦੇ ਵਿਕਾਸ ਲਈ ਅਨੁਮਾਨਿਤ ਲਾਗਤਾਂ ਦੇਵੇਗੀ। ਸਟਾਫ਼ ਸਤੰਬਰ ਵਿੱਚ ਸਿਟੀ ਕੌਂਸਿਲ ਦੀ ਮੀਟਿੰਗ ਵਿੱਚ ਇਹ ਅਨੁਮਾਨ ਦੇਵੇਗਾ।

## ਨੈਵੀਗੇਸ਼ਨ ਸੈਂਟਰ ਸਥਾਨ

- **ਕੀ ਇਕ ਨੈਵੀਗੇਸ਼ਨ ਸੈਂਟਰ ਸਮਾਜਿਕ ਅਤੇ ਸਿਹਤ ਸੇਵਾਵਾਂ ਦੇ ਨਜ਼ਦੀਕ ਹੋਣਾ ਚਾਹੀਦਾ ਹੈ?**
  ਕਈ ਬੇਘਰ ਵਿਅਕਤੀ ਸਾਈਕਲਾਂ 'ਤੇ ਜਨਤਕ ਯਾਤਾਯਾਤ ਅਤੇ ਕੁਝ ਕਾਰਾਂ 'ਤੇ ਨਗਰ ਦੇ ਦੁਆਲੇ ਘੁੰਮਦੇ ਰਹਿੰਦੇ ਹਨ। ਇੱਕ ਨੈਵੀਗੇਸ਼ਨ ਸੈਂਟਰ ਚੰਗੀ ਯਾਤਾਯਾਤ ਲਾਇਨਸ (ਬੱਸ ਅਤੇ BART) ਦੇ ਨਜ਼ਦੀਕ ਹੋਣਾ ਚਾਹੀਦਾ ਹੈ ਜੋ ਲੋਕਾਂ ਨੂੰ ਉਹਨਾਂ ਇਲਾਕਿਆਂ 'ਤੇ ਜਾਣ ਦੇਵੇਗਾ ਜਿੱਥੇ ਸਮਾਜਿਕ ਸੇਵਾਵਾਂ ਅਤੇ ਮੈਡੀਕਲ ਸੇਵਾਵਾਂ ਹਨ। ਨੈਵੀਗੇਸ਼ਨ ਸੈਂਟਰ ਭਾਗੀਦਾਰਾਂ ਲਈ ਸੇਵਾਵਾਂ ਲਈ ਸੁਤੰਤਰ ਤੌਰ 'ਤੇ ਸਫਲਤਾ ਨਾਲ ਸਫ਼ਰ ਕਰਨਾ ਮਹੱਤਵਪੂਰਨ ਹੈ। ਨੈਵੀਗੇਸ਼ਨ ਸੈਂਟਰ ਘਰ ਦੀ ਜੀਵਨਸ਼ੈਲੀ ਵਿੱਚ ਵਾਪਿਸ ਕਲਾਇੰਟਾਂ ਨੂੰ ਤਿਆਰ ਕਰ ਰਿਹਾ ਹੈ ਅਤੇ ਉਹਨਾਂ ਦਾ ਸਮੱਰਥਨ ਕਰ ਰਿਹਾ ਹੈ, ਜਿਸ ਵਿੱਚ ਜਰੂਰੀ ਸੇਵਾਵਾਂ ਤੱਕ ਸੁਤੰਤਰ ਤੌਰ 'ਤੇ ਪਹੁੰਚ ਲਈ ਸਿੱਖਣਾ ਸ਼ਾਮਲ ਹੈ। ਕੇਸ ਪ੍ਰਬੰਧਨ ਸੇਵਾਵਾਂ ਔੱਨ ਸਾਇਟ ਦਿੱਤੀਆਂ ਜਾਣਗੀਆਂ।

- **ਕੀ ਨੈਵੀਗੇਸ਼ਨ ਸੈਂਟਰ ਕਰਿਆਣਾ ਸਟੋਰਾਂ, ਭੋਜਨ ਸਥਾਨ ਅਤੇ ਹੋਰ ਸੁਵਿਧਾਵਾਂ ਦੇ ਨੇੜੇ ਹੋਣਾ ਚਾਹੀਦਾ ਹੈ?**
  ਨੈਵੀਗੇਸ਼ਨ ਸੈਂਟਰ ਘਰ ਅਤੇ ਰਿਹਾਰਿਸ਼ ਸਮੁਦਾਇਆਂ ਵਿੱਚ ਮੁੜ ਪ੍ਰਵੇਸ਼ ਕਰਨ ਲਈ ਗਲੀ ਵਿੱਚ ਰਹਿਣ ਵਾਲੇ ਵਿਅਕਤੀਆਂ ਦੀ ਬਦਲੀ ਦਾ ਸਮੱਰਥਨ ਕਰਦਾ ਹੈ। ਸੁਵਿਧਾਵਾਂ ਜਿਵੇਂ ਕਰਿਆਣਾ ਸਟੋਰ, ਬੈਂਕ, ਫ਼ੂਡ ਆਊਟਲੈਟ ਲਈ ਨਜ਼ਦੀਕੀ ਦਿੰਦਾ ਹੈ, ਇਹ ਬਦਲਾਵਾਂ ਦਾ ਸਮੱਰਥਨ ਕਰਦਾ ਹੈ ਅਤੇ ਰੋਜ਼ਾਨਾ ਦੀਆਂ ਲੋੜਾਂ ਪੂਰੀਆਂ ਕਰਨ ਵਿੱਚ ਆਉਣ ਵਾਲੀਆਂ ਰੁਕਾਵਟਾਂ ਘਟਾਉਂਦਾ ਹੈ। ਸੈਂਟਰ ਪ੍ਰਤੀਦਿਨ ਇੱਕ ਭੋਜਨ ਦਿੰਦਾ ਹੈ ਅਤੇ ਯੋਜਨਾ ਦੇ ਹਿੱਸੇ ਵਜੋ ਨਿਰੰਤਰ ਮੂਲਭੂਤ ਲੋੜਾਂ ਪੂਰੀਆਂ ਕਰਨ ਦੇ ਇਰਾਦੇ ਨਾਲ ਭਾਗੀਦਾਰਾਂ ਦੀ ਮਦਦ ਕਰਦਾ ਹੈ।

- **ਕੀ ਇੱਕ ਨੈਵੀਗੇਸ਼ਨ ਸੈਂਟਰ ਜਨਤਕ ਦੇ ਨਜ਼ਦੀਕ ਹੋਣਾ ਚਾਹੀਦਾ ਹੈ?**
  ਨੈਵੀਗੇਸ਼ਨ ਦਾ ਬੱਸ ਸਟਾਪ ਜਾਂ BART ਸਟੇਸ਼ਨ ਦੇ ਨੇੜੇ ਹੋਣਾ ਲਾਭਕਾਰੀ ਹੁੰਦਾ ਹੈ ਕਿਉਂਕਿ ਅਨੇਕਾਂ ਬੇਘਰ ਨਿਵਾਸੀ ਪੈਦਲ ਜਾਂ ਸਾਈਕਲ ਚਲਾਉਂਦੇ ਹਨ।

- **ਕੀ ਉਦਯੋਗ ਖੇਤਰ ਵਿੱਚ ਨੈਵੀਗੇਸ਼ਨ ਸੈਂਟਰ ਸਥਾਪਿਤ ਕਰਨਾ ਬੇਘਰਾਂ ਨੂੰ ਘਰ ਵਿੱਚ ਰਹਿਣ ਦੇਣ ਅਤੇ ਮੁੱਖ ਧਾਰਾ ਸਮਾਜ ਵਿੱਚ ਵਾਪਸ ਲਿਆਉਣ ਵਿੱਚ ਮਦਦ ਕਰਨ ਲਈ ਬਿਹਤਰੀਨ ਸਥਾਨ ਹੈ?**
  ਉਦਯੋਗਿਕ ਖੇਤਰ ਨੈਵੀਗੇਸ਼ਨ ਸੈਂਟਰ ਲਈ ਸਭ ਤੋਂ ਘੱਟ ਵਿਰੋਧੀ ਹਨ; ਹਾਲਾਂਕਿ, ਅਜਿਹਾ ਸਥਾਨ ਭਾਗੀਦਾਰਾਂ ਲਈ ਮੁਸ਼ਕਿਲ ਹੋ ਸਕਦਾ ਹੈ, ਜੇ ਇਹ ਯਾਤਾਯਾਤ ਸੇਵਾਵਾਂ ਤੋਂ ਦੂਰ ਹੈ। ਅਨੇਕਾਂ ਬੇਘਰ ਲੋਕਾਂ ਕੋਲ ਕਾਰਾਂ ਨਹੀਂ ਹਨ। ਨੈਵੀਗੇਸ਼ਨ ਸੈਂਟਰ ਨੇੜੇ ਦੇ ਗੁਆਂਢੀ ਮਾਹੌਲ ਤੋਂ ਬਹੁਤ ਲਾਭ ਪ੍ਰਾਪਤ ਕਰ ਸਕਦੇ ਹਨ, ਜਿੱਥੇ ਉਹ ਇੱਕ ਵਾਰ ਰਹਿਣਗੇ ਉਹ ਸਥਾਈ ਤੌਰ 'ਤੇ ਰਹਿਣਗੇ।

- **ਜ਼ਿਆਦਾ ਲੋਕਾਂ ਦੀ ਸੇਵਾ ਕਰਨ ਲਈ ਵੱਡਾ ਸਥਾਨ ਕਿਉਂ ਨਹੀਂ ਚੁਣਿਆ ਜਾਂਦਾ ਹੈ?**
  ਜਿਵੇਂ ਕਿ ਪ੍ਰਸਤਾਵਿਤ ਹੈ, ਨੈਵੀਗੇਸ਼ਨ ਸੈਂਟਰ ਨੂੰ 6 ਮਹੀਨੇ ਜਾਂ ਇਸ ਤੋਂ ਘੱਟ ਦੇ ਥੋੜ੍ਹੇ ਸਮੇਂ ਲਈ 45 ਵਿਅਸਕਾਂ ਤੱਕ ਦੀ ਸੇਵਾ ਲਈ ਡਿਜ਼ਾਇਨ ਕੀਤਾ ਗਿਆ ਹੈ। ਇਸ ਮਾਡਲ ਦਾ ਪੂਰਾ ਫੋਕਸ ਹਾਊਸਿੰਗ ਪਲੇਸਮੈਂਟ, ਭਰੋਸਾ ਬਣਾਉਣ ਅਤੇ ਵਿਅਕਤੀਗਤ ਘਰਾਂ ਦੀ ਤਿਆਰੀ 'ਤੇ ਹੈ। ਸੰਚਾਲਨ ਕਰਨਾ ਜ਼ਿਆਦਾ ਮਹਿੰਗਾ ਹੈ, ਪਰ ਪਰੰਪਰਾਗਤ ਸ਼ਰਨ ਸਥਾਨਾਂ ਨਾਲੋਂ ਸਫਲਤਾਦਰ ਘੱਟ ਹੈ ਜੋ ਅਕਸਰ ਵਿੱਤੀ ਗਿਣਤੀ ਵਿੱਚ ਭਾਗੀਦਾਰਾਂ ਦੀ ਸੇਵਾ ਕਰਦੇ ਹਨ।

- **ਸਾਇਟ ਦੀ ਚੋਣ ਕਰਨ ਲਈ ਕੀ ਮਾਪਦੰਡ ਹੈ?**
  18 ਜੂਨ, 2019 ਨੂੰ ਸਿਟੀ ਕੌਂਸਿਲ ਮੀਟਿੰਗ – ਵਰਕ ਸੈਸ਼ਨ ਵਿੱਚ, ਸਿਟੀ ਸਟਾਫ਼ ਸੰਭਾਵਿਤ ਨੈਵੀਗੇਸ਼ਨ ਸੈਂਟਰ ਲਈ ਪ੍ਰਸਤਾਵਿਤ ਸਾਇਟ ਚੋਣ ਪੇਸ਼ ਕੀਤੀ। ਮਾਪਦੰਡ ਤਿਆਰ ਕਰਨ ਲਈ ਕਾਰਕਾਂ ਦੇ ਇੱਕ ਸੁਮੇਲ 'ਤੇ ਵਿਚਾਰ ਕੀਤਾ ਗਿਆ: ਨੈਵੀਗੇਸ਼ਨ ਸੈਂਟਰ ਸਥਾਪਿਤ ਕਰਨ ਵਿੱਚ ਮਦਦ ਲਈ ਸਥਾਨ, (STAIR ਸੈਂਟਰ ਮਾਡਲ ਤੋਂ ਆਧਾਰਿਤ), ਯਾਤਾਯਾਤ ਅਤੇ ਭੋਜਨ ਸੇਵਾਵਾਂ ਤੱਕ ਪਹੁੰਚ, ਯੂਟਿਲਟੀ ਹੁਕਅਪਸ ਨਾਲ ਕਨੈਕਸ਼ਨ, ਅਤੇ ਵਾਤਾਵਰਣ ਪ੍ਰਤੀ ਅਨੁਕੂਲਤਾ ਜਰੂਰੀ ਹੈ।

  ਹੇਠਾਂ 18 ਜੂਨ, 2019 ਦੀ ਸਟੱਡੀ ਸੈਸ਼ਨ ਸਟਾਫ਼ ਰਿਪੋਰਟ ਦਾ ਸਾਰ ਹੈ:

  *<u>ਸ਼ੁਰੂਆਤੀ ਜਾਂਚ ਦਾ ਮਾਪਦੰਡ</u>*
  *ਹੇਠਾਂ ਸੂਚੀਬੱਧ ਪ੍ਰਸਤਾਵਿਤ ਸ਼ੁਰੂਆਤੀ ਜਾਂਚ ਮਾਪਦੰਡ ਦੀ ਵਰਤੋਂ ਸਿਟੀ-ਮਾਲਕੀ ਸਾਇਟਾਂ ਦੀ ਪਹਿਚਾਣ ਕਰਨ ਲਈ ਮੈਕਰੋ ਲੈਵਲ 'ਤੇ ਪ੍ਰਾਪਰਟੀ ਦੀ ਖੋਜ ਲਈ ਵਰਤੀ ਜਾਵੇਗੀ ਜੋ ਨੈਵੀਗੇਸ਼ਨ ਸੈਂਟਰ ਸਥਾਪਿਤ ਕਰਨ ਲਈ ਜੀਵਨ ਸਮੱਰਥ ਹੋਵੇਗੀ ਅਤੇ ਇਹ ਪੰਜ ਸਾਲਾਂ ਤੱਕ ਸੰਚਾਲਨ ਲਈ ਹੋਵੇਗੀ। ਸਾਇਟਾਂ ਦੀ ਸੂਚੀ ਯੋਗਤਾ ਇਹਨਾਂ ਨਿਊਨਤਮ ਸੀਮਾ ਦੀਆਂ ਸਥਿਤੀਆਂ ਦੇ ਆਧਾਰ 'ਤੇ ਨਿਰਧਾਰਿਤ ਕੀਤੀ ਜਾਵੇਗੀ ਅਤੇ ਇਹ ਆਸਾਨੀ ਨਾਲ ਗਿਆਤ ਹੋਣ ਯੋਗ ਰੁਕਾਵਟਾਂ ਨੂੰ ਖ਼ਤਮ ਕਰੇਗੀ ਜੋ ਵਿਚਾਰ ਨਾਲ ਉਹਨਾਂ ਨੂੰ ਖਤਮ ਕਰਨਗੀਆਂ। ਪ੍ਰਸਾਤਾਵਿਤ ਸ਼ੁਰੂਆਤੀ ਜਾਂਚ ਮਾਪਦੰਡ – ਸਿਟੀ – ਮਲਕੀਅਤ ਪ੍ਰਾਪਰਟੀਆਂ ਲਈ ਕਾਰਕਾਂ ਨੂੰ ਅਯੋਗ ਕਰਨਾ*
    - *16,000 ਵਰਗ ਫੁਟ ਤੋਂ ਘੱਟ ਸਾਇਟ*
    - *ਪੰਜ ਪ੍ਰਤੀਸ਼ਤ ਤੋਂ ਵੱਧ ਢਾਲ ਵਾਲੀ ਸਾਇਟ (ਬਣਾਉਣਯੋਗ ਫੁਟਪ੍ਰਿੰਟ ਦਾ ਖੇਤਰ)*
    - *ਵਿਕਸਿਤ ਪਾਰਕਲੈਂਡ*

- *ਕੋਈ ਤੁਰੰਤ ਉਪਲਬਧ ਨਹੀਂ*
- *ਪੰਜ ਸਾਲਾਂ ਤੱਕ ਉਪਲਬਧ ਨਹੀਂ*
- *ਵਰਤਮਾਨ ਵਿੱਚ ਕੌਂਸਿਲ ਦੁਆਰਾ ਸਵੀਕ੍ਰਿਤ ਅਤੇ ਫੰਡ ਕੀਤੇ ਪ੍ਰੋਜੈਕਟ*

*ਨੈਵੀਗੇਸ਼ਨ ਵਿਕਾਸ ਦੇ ਟੀਚੇ ਅਤੇ ਮਾਪਦੰਡ*

*ਸਿਟੀ-ਮਲਕੀਅਤ ਦੀਆਂ ਪ੍ਰਾਪਰਟੀਆਂ ਦੇ ਮੁਲਾਂਕਣ ਵਿੱਚ ਮਦਦ ਕਰਨ ਲਈ, ਸਟਾਫ਼ ਨਾਇਲਸ ਡਿਸਕਵਰੀ ਚਰਚ ਦੁਆਰਾ ਪ੍ਰਸਤਾਵਿਤ ਸਹਿਤ ਹਰ ਸਾਇਟ ਦੀ ਜੀਵਨ ਸਮੱਰਥਾ ਵਿਕਾਸ ਸੁਗਮਤਾ ਨਿਰਧਾਰਿਤ ਕਰਨ ਵਿੱਚ ਟੀਚਿਆਂ ਅਤੇ ਮਾਪਦੰਡ ਦਾ ਪਾਲਣ ਕਰਨ ਦੀ ਸਿਫਾਰਿਸ਼ ਕਰਦਾ ਹੈ। ਤਿੰਨ ਅਤਿ ਮਹੱਤਵਪੂਰਨ ਟੀਚਿਆਂ – ਪਹੁੰਚ, ਅਨੁਕੂਲਤਾ, ਅਤੇ ਵਾਤਾਵਰਣ ਪ੍ਰਤੀ ਅਨੁਕੂਲਨ ਵਿੱਚ ਵੰਡ ਕੇ – ਸਟਾਫ਼ ਹੇਠਾਂ ਦਿੱਤੇ ਮਾਪਦੰਡਾਂ ਦੀ ਸਿਫਾਰਿਸ਼ ਕਰਦਾ ਹੈ।*

| *ਟੀਚਾ* | *ਮਾਪਦੰਡ* |
|---|---|
| *ਪਹੁੰਚ* | • *ਭੋਜਨ ਸੇਵਾਵਾਂ ਦੇ 0.5 ਮੀਲ ਅੰਦਰ*<br>• *ਬੱਸ ਸਟਾਪ ਦੇ 0.50 ਮੀਲ ਦੇ ਅੰਦਰ*<br>• *BART ਤੱਕ ਪਹੁੰਚ ਨਾਲ ਬੱਸ ਸੇਵਾ* |
| *ਭੌਤਿਕ ਅਨੁਕੂਲਤਾ* | • *ਪ੍ਰਾਪਰਟੀ ਬਾਰੇ ਯੂਟੀਲਿਟੀ ਕਨੈਕਸ਼ਨ ਸਥਾਨ* |
| *ਵਾਤਾਵਰਣ ਪ੍ਰਤੀ ਅਨੁਕੂਲਤਾ* | • *ਫਾੱਲਟ ਟ੍ਰੇਸ ਜੋਨ ਦੇ ਬਾਹਰ ਸਥਿਤ*<br>• *ਕੋਈ ਗਿਆਤ ਅਹਿਮ ਵਾਤਾਵਰਣ ਮੁੱਦਾ ਮੌਜੂਦ ਨਹੀਂ* |
| *ਹੋਰ ਗਲਾਂ* | • *ਬੱਸ ਸੇਵਾ ਦੀ ਆਵਰਤੀ*<br>• *ਸਾਇਟਾਂ ਨੇੜੇ ਬਾਇਕ ਲੇਨ ਨੈਟਵਰਕ*<br>• *ਕੁਝ ਵਾਤਾਵਰਣ ਸਬੰਧੀ ਬੰਦਿਸ਼ਾਂ*<br>• *ਹੋਰ ਸੇਵਾਵਾਂ ਅਤੇ ਏਜੰਸੀਆਂ ਤੱਕ ਨਜ਼ਦੀਕ*<br>• *ਸਾਇਟ ਸੰਦਰਭ ਅਤੇ ਆਸ-ਪਾਸ ਦੀ ਵਰਤੋਂ* |

ਪੂਰੀ ਵਿਧੀ ਲਈ, ਕਿਰਪਾ ਕਰਕੇ 18 ਜੂਨ, 2019 ਦੀ ਸਿਟੀ ਕੌਂਸਿਲ ਸਪੈਸ਼ਲ ਮੀਟਿੰਗ ਵਰਕ ਸੈਸ਼ਨ ਸਟਾਫ਼ ਰਿਪੋਰਟ ਪੜ੍ਹੋ।

- **ਹਾਊਸਿੰਗ ਨੈਵੀਗੇਸ਼ਨ ਸੈਂਟਰ ਲਈ ਕਿਹਨਾਂ ਹੋਰ ਸਾਇਨਾਂ 'ਤੇ ਵਿਚਾਰ ਕੀਤਾ ਜਾ ਰਿਹਾ ਹੈ ਅਤੇ ਸੰਭਾਵਿਤ ਸਾਇਟਾਂ ਦੀ ਚੋਣ ਕਰਨ ਲਈ ਸਿਟੀ ਕਿਹੜਾ ਮਾਪਦੰਡ ਵਰਤ ਰਿਹਾ ਹੈ?**

ਸਿਟੀ ਸਟਾਫ਼ ਨੇ ਸਿਟੀ ਦੀਆਂ ਸਾਰੀਆਂ ਪ੍ਰਾਪਰਟੀਆਂ ਵਿਕਸਿਤ ਪਾਰਕਲੈਂਡ ਨੂੰ ਛੱਡ ਕੇ 1/13 ਏਕੜ ਜਾਂ ਵੱਧ ਦੀ ਸਮੀਖਿਆ ਕੀਤੀ ਹੈ। 18 ਜੂਨ, 2019 ਨੂੰ ਕੌਂਸਿਲ ਦੁਆਰਾ ਸਵੀਕ੍ਰਿਤ ਮਾਪਦੰਡ ਵਰਤ ਕੇ ਅਨੇਕਾਂ ਸਾਇਟਾਂ ਦੀ ਸਮਿਖਿਆ ਕੀਤੀ ਗਈ (ਉਪਰੋਕਤ ਸਵਾਲ ਦੇਖੋ)। 11 ਸ਼ਹਿਰ ਦੀਆਂ ਸਾਇਟਾਂ ਨੇ ਮਾਪਦੰਡ ਦੇ ਏਵਜ਼ ਉਚਤਮ ਸਕੋਰ ਪ੍ਰਾਪਤ ਕੀਤਾ, ਕੌਂਸਿਲ ਨੇ ਹੇਠਾਂ ਦਿੱਤੇ ਸਪੱਸ਼ਟੀਕਰਨ ਨਾਲ ਅੱਗੇ ਵਧਣ ਲਈ 9 ਜੁਲਾਈ, 2019 ਨੂੰ ਵੋਟ ਦਿੱਤੀ:

- ਲਿਬਰਟੀ ਐਸਟੀ. ਅਤੇ ਕੈਪੀਟਲ ਐਵਨਿਊ 'ਤੇ ਪਾਰਕਿੰਗ ਲਾੱਟ ਪਿੱਛੇ ਸੀਟੀ ਹਾਲ
- ਡਿਕੋਟੋ ਰੋਡ. ਅਤੇ ਫ੍ਰੀਮੋਂਟ Blvd. 'ਤੇ, ਰੀਗਨ'ਸ ਨਰਸਰੀ ਤੋਂ ਅੱਗੇ ਸਿਟੀ ਸਰਪਲੱਸ ਸਾਇਟ

ਸਾਇਟ ਦੇ ਮੁਲਾਂਕਣ ਅਤੇ ਸਿਫਾਰਿਸ਼ ਸਬੰਧੀ ਹੋਰ ਜਾਣਕਾਰੀ ਲਈ, ਕਿਰਪਾ ਕਰਕੇ 9 ਜੁਲਾਈ, 2019 ਦੀ ਸਟਾਫ਼ ਰਿਪੋਰਟ ਦਾ ਹਲਾਵਾ ਲਓ।

- **ਨੈਵੀਗੇਸ਼ਨ ਸੈਂਟਰ ਪੁਲਿਸ ਸਟੇਸ਼ਨ ਦੇ ਨਜ਼ਦੀਕ ਹੋਣਾ ਚਾਹੀਦਾ ਹੈ ਤਾਂ ਜੋ ਕਿਸੇ ਘਟਨਾ ਦੀ ਸਥਿਤੀ ਵਿੱਚ ਅਫਸਰ ਤੁਰੰਤ ਪ੍ਰਤੀਕਿਰਿਆ ਕਰ ਸਕਣ?**

  ਪੁਲਿਸ ਕਮਿਊਨਿਟੀ ਵਿੱਚ ਪੈਟਰੋਲ ਜੋਨਸ ਵਿੱਚ ਸੰਚਾਲਨ ਕਰਦੀ ਹੈ। ਜਦੋਂ ਜਨਤਾ ਸੁਰੱਖਿਆ ਕਾੱਲ ਆਉਂਦੀ ਹੈ, ਤਾਂ ਅਫਸਰਾਂ ਨੂੰ ਡਿਸਪੈਚ ਰਾਹੀਂ ਸੂਚਿਤ ਕੀਤਾ ਜਾਂਦਾ ਹੈ ਅਤੇ ਘਟਨਾ 'ਤੇ ਪ੍ਰਤੀਕਿਰਿਆ ਕਰਨ ਲਈ ਨਜ਼ਦੀਕੀਆਂ ਦੁਆਰਾ ਸੂਚਿਤ ਕੀਤਾ ਜਾਂਦਾ ਹੈ। ਸਾਰੀਆਂ ਕਾੱਲਾਂ ਦਾ ਜਵਾਬ ਦੇਣ ਲਈ, ਪੁਲਿਸ ਸਟੇਸ਼ਨ ਵਰਗੀ ਕੇਂਦਰੀ ਜਗ੍ਹਾ ਤੋਂ, ਅਫਸਰ  ਤੈਨਾਤ ਕਰਨਾ ਪੁਲਿਸ ਵਿਭਾਗ ਦੀ ਪਦਤੀ ਨਹੀਂ ਹੈ। ਇਹ ਜ਼ਿਆਦਾ ਪ੍ਰਭਾਵਸ਼ਾਲੀ ਹੈ ਕਿ ਉਹ ਗੁਆਂਢ ਵਿੱਚ ਗਸ਼ਤ ਕਰਨ ਦੌਰਾਨ ਪ੍ਰਤੀਕਿਰਿਆ ਕਰਨ।

- **ਕੀ ਨੈਵੀਗੇਸ਼ਨ ਸੈਂਟਰ ਹਸਪਤਾਲ ਦੇ ਨੇੜੇ ਨਹੀਂ ਹੋਣਾ ਚਾਹੀਦਾ ਜੇ ਕੋਈ ਮੈਡੀਕਲ ਐਮਰਜੈਂਸੀ ਹੋ ਜਾਵੇ?**

  ਪੈਰਾਮੈਡਿਕਸ ਅਤੇ ਫਾਇਰ ਇੰਜਣ ਦੋਵੇਂ ਮੈਡੀਕਲ ਐਮਰਜੈਂਸੀਆਂ ਪ੍ਰਤੀਕਿਰਿਆ ਕਰਦੇ ਹਨ। ਜਦੋਂ ਸਾਰ ਦਾ ਸਮਾਂ ਹੋਵੇ ਤਾਂ ਹੈਲਥ ਐਮਰਜੈਂਸੀ ਵਿੱਚ ਜਿੰਨੀ ਜਲਦੀ ਸੰਭਵ ਹੋ ਸਕੇ ਸਰਵਿਸ ਕਾੱਲਾਂ 'ਤੇ ਪ੍ਰਤੀਕਿਰਿਆ ਕਰਨ ਵਿੱਚ ਯੋਗ ਬਣਨ ਲਈ ਪੂਰੀ ਕਮਿਊਨਿਟੀ ਵਿੱਚ ਕਾਰਜਨਿਤਿਕ ਤੌਰ 'ਤੇ ਸਥਿਤ 11 ਫਾਇਰ ਇੰਜਣ ਸਟੇਸ਼ਨਾਂ ਦੇ ਫਾਇਰ ਇੰਜਣ ਕੰਮ ਕਰਦੇ ਹਨ। ਸਿਟੀ ਹਾਲ ਅਤੇ ਡੀਕੋਟੋ ਸਰਪਲੱਸ ਪ੍ਰਾਪਰਟੀ ਤੋਂ 0.80 ਮੀਲ ਦੀ ਦੂਰੀ 'ਤੇ ਇਕ ਫਾਇਰ ਸਟੇਸ਼ਨ ਹੈ। ਕੀ ਐਮਰਜੈਂਸੀ ਯਾਤਾਯਾਤ ਜਰੂਰੀ ਹੋਣਾ ਚਾਹੀਦਾ ਹੈ, ਐਬੂਲੈਂਸ ਯਾਤਾਯਾਤ ਤੁਰੰਤ ਉਪਲਬਧ ਹੋਣਾ ਚਾਹੀਦਾ ਹੈ।

## ਜਨਤਕ ਅਤੇ ਕਮਿਊਨਿਟੀ ਸੁਰੱਖਿਆ

- **ਉਹਨਾਂ ਦੀ ਸੁਰੱਖਿਆ ਬਾਰੇ ਕੀ ਕੁਝ ਹੈ ਜੋ ਨੈਵੀਗੇਸ਼ਨ ਸੈਂਟਰ ਦੇ ਕੋਲੋਂ ਗੁਜਰਦੇ ਹਨ?**

  ਸਾਡੇ ਸਮੁਦਾਇਆਂ ਵਿੱਚ ਬੇਘਰ ਵਿਅਕਤੀਆਂ ਦੀ ਵਧ ਰਹੀ ਸੰਖਿਆ ਦੇ ਨਾਲ, ਇਹ ਸਾਡੇ ਲਈ ਅਸਧਾਰਨ ਨਹੀਂ ਹੈ, ਇੱਥੋਂ ਤੱਕ ਕਿ ਬੱਚੇ ਦੇਖਦੇ ਹਨ ਜਾਂ ਰੋਜ਼ਾਨਾ ਲਗਭਗ ਗਲੀ ਵਿੱਚ ਬੇਘਰ ਵਿਅਕਤੀਆਂ ਦੇ ਨਾਲ ਚੱਲਦੇ ਹਨ। ਬੇਘਰ ਵਿਅਕਤੀਆਂ ਦਾ ਸਾਹਮਣਾ ਆਮ ਤੌਰ 'ਤੇ ਸ਼ਾਂਤ ਹੁੰਦਾ ਹੈ ਜਿਵੇਂ ਕਮਿਊਨਿਟੀ ਵਿੱਚ ਕਿਸੇ ਹੋਰ

ਵਿਅਕਤੀ ਨਾਲ ਸਾਹਮਣਾ ਹੁੰਦਾ ਹੈ। ਕਈ ਬੇਘਰ ਵਿਅਕਤੀ, ਖੁਦ ਮਾਪੇ ਹੁੰਦੇ ਹਨ, ਜੋ ਬੱਚਿਆਂ ਲਈ ਸਮਾਨ ਮੁੱਦਿਆਂ ਸਹਿਤ ਹੁੰਦੇ ਹਨ, ਹਾਲਾਂਕਿ ਉਹ ਪਰਿਵਾਰਿਕ ਸੰਰਚਨਾ ਵਿੱਚ ਹੁਣ ਨਹੀਂ ਰਹਿ ਰਹੇ ਹੁੰਦੇ।

ਨੈਵੀਗੇਸ਼ਨ ਸੈਂਟਰ ਵਿੱਚ ਭਾਗੀਦਾਰਾਂ 'ਤੇ ਟ੍ਰੇਨਿੰਗ ਸਟਾਫ਼ ਦੁਆਰਾ 24/7 ਨਿਗਰਾਨੀ ਰੱਖੀ ਜਾਂਦੀ ਹੈ। ਪ੍ਰਤੀਭਾਗੀ ਆਪਣੇ ਰੋਜ਼ਾਨਾ ਦੇ ਜੀਵਨ ਦੇ ਕੰਮਾਂ 'ਤੇ ਧਿਆਨ ਕੇਂਦਰਿਤ ਕਰਦੇ ਹਨ। ਕੁਝ ਪ੍ਰਤੀਭਾਗੀ ਕੰਮ ਕਰਦੇ ਹਨ, ਦੂਜੇ ਨਿੱਜੀ ਮਾਮਲਿਆਂ ਵੱਲ ਪ੍ਰਵਿਰਤੀ ਹੁੰਦੀ ਹੈ ਅਤੇ ਕੁਝ ਵਿਅਕਤੀਆਂ ਦੇ ਹਾਊਸਿੰਗ ਨੈਵੀਗੇਟਰਾਂ ਨਾਲ ਸਾਇਟ ਖੋਜ ਹਾਊਸਿੰਗ ਵਿਕਲਪ ਹੋਣਗੇ।

ਨੈਵੀਗੇਸ਼ਨ ਸੈਂਟਰ ਵਿੱਚ ਪ੍ਰਤੀਭਾਗੀ ਆਪਣੀ ਕਮਿਊਨਿਟੀ ਤਿਆਰ ਕਰਦੇ ਹਨ ਅਤੇ ਕਈ ਤਰੀਕਿਆਂ ਵਿੱਚ ਸਵੈ-ਨਿਯੰਤਰਿਤ ਹੋ ਜਾਂਦੇ ਹਨ। ਉਹ ਇੱਕ-ਦੂਜੇ ਦੀ ਮਦਦ ਕਰਨਾ ਸਿੱਖਦੇ ਹਨ ਅਤੇ ਇੱਕ- ਦੂਜੇ ਨਾਲ ਅੱਗੇ ਵਧਣਾ ਸਿੱਖਦੇ ਹਨ, ਨਿਯਮਾਂ ਦੇ ਪਾਲਣ ਦੀ ਮਹੱਤਤਾ ਸਿੱਖਦੇ ਹਨ।

- **ਕੀ ਨੈਵੀਗੇਸ਼ਨ ਸੈਂਟਰ ਚੁੰਬਕੀ ਪ੍ਰਭਾਵ ਪੈਦਾ ਕਰੇਗਾ ਅਤੇ ਇਲਾਕੇ ਦੇ ਹੋਰ ਬੇਘਰ ਲੋਕਾਂ ਨੂੰ ਆਕਰਸ਼ਕ ਕਰੇਗਾ?**
ਪ੍ਰਤੀਭਾਗੀ ਆ ਸਕਦੇ ਹਨ ਅਤੇ ਜਾ ਸਕਦੇ ਹਨ ਕਿਉਂਕਿ ਉਹ ਖੁਸ਼ ਹੁੰਦੇ ਹਨ ਪਰੰਤੂ ਰਾਤ ਭਰ ਮਹਿਮਾਨ ਰੱਖ ਸਕਦੇ। ਮਹਿਮਾਨ ਕਮਿਊਨਿਟੀ ਰੂਮ ਤੱਕ ਸੀਮਿਤ ਹਨ ਅਤੇ ਸਾਇਟ ਦੇ ਖੇਤਰਾਂ ਦੇ ਬਾਹਰ ਬੈਠਦੇ ਹਨ। ਇਸ ਤੋਂ ਇਲਾਵਾ, ਸੈਂਟਰ 'ਤੇ ਕੋਈ ਬਾਹਰੀ ਸੇਵਾਵਾਂ ਨਹੀਂ ਦਿੱਤੀਆਂ ਜਾਂਦੀਆਂ, ਇਸ ਲਈ ਹੋਰਾਂ ਲਈ ਕੋਈ ਕਾਰਨ ਨਹੀਂ ਹੈ ਕਿ ਕੋਈ ਸੈਂਟਰ ਦੇ ਨਜ਼ਦੀਕ ਰਹਿ ਕੇ ਸੇਵਾਵਾਂ ਲੈ ਸਕੇ। ਜੇ ਲੋਕ ਆਉਂਦੇ ਹਨ, ਤਾਂ ਸਟਾਫ਼ ਬੇਘਰ ਲਈ ਡ੍ਰਾਪ-ਇਨ/ਭਲਾਈ ਕੇਂਦਰ 'ਤੇ ਉਹਨਾਂ ਨੂੰ ਭੇਜੇਗਾ ਜਿੱਥੇ ਉਹ ਭੋਜਨ ਅਤੇ ਸੇਵਾਵਾਂ ਪ੍ਰਾਪਤ ਕਰ ਸਕਦੇ ਹਨ। ਮੌਜੂਦਾ ਨੈਵੀਗੇਸ਼ਨ ਸੈਂਟਰਾਂ ਨਾਲ ਅਨੁਭਵ ਦਿਖਾਉਂਦਾ ਹੈ ਕਿ ਸੈਂਟਰ ਖੇਤਰ ਵਿੱਚ ਆਉਣ ਵਾਲੇ ਵਾਧੂ ਬੇਘਰ ਲੋਕਾਂ ਲਈ ਚੁੰਬਕ ਨਹੀਂ ਹਨ।

- **ਕੀ ਅਸੀਂ ਨੈਵੀਗੇਸ਼ਨ ਸੈਂਟਰ ਦੀ ਸਥਾਪਨਾ ਨਾਲ ਅਪਰਾਧ ਵਿੱਚ ਵਾਧਾ ਦੇਖਾਂਗੇ?**
ਸ਼ਰਨਸਥਾਨ ਜਾਂ ਨੈਵੀਗੇਸ਼ਨ ਸੈਂਟਰ ਦੇ ਖੁੱਲ੍ਹਣ ਅਤੇ ਅਪਰਾਧ ਵਿੱਚ ਵਾਧੇ ਵਿਚਕਾਰ ਕੋਈ ਸਹਿ-ਸਬੰਧ ਨਹੀਂ ਹੈ। ਬੇਘਰਾਂ ਦੁਆਰਾ ਕੀਤੇ ਅਪਰਾਧ ਅਕਸਰ ਹੋਰ ਬੇਘਰ ਵਿਅਕਤੀਆਂ ਜਾਂ ਜੀਵਨ ਦੇ ਅਪਰਾਧਾਂ ਦੀ ਕਵਾਲਿਟੀ ਜਿਵੇਂ ਸੌਣਾ/ਬਾਹਰ ਕੈਂਪਲਾਉਣਾ, ਸੁਵਿਧਾਵਾਂ ਲਈ ਚੋਰੀ, ਜਾਂ ਅਤਿਕਰਮਣ ਦੇ ਵਿਰੁੱਧ ਹੁੰਦੇ ਹਨ ਕਿਉਂਕਿ ਉਹਨਾਂ ਕੋਲ ਆਪਣੀ ਜਗ੍ਹਾਂ ਨਹੀਂ ਹੁੰਦੀ। ਰਹਿਣ ਲਈ ਇੱਕ ਸੁਰੱਖਿਅਤ ਸਥਾਨ ਇਹਨਾਂ ਅਪਰਾਧਾਂ ਦਾ ਵੇਗ ਘਟਾਵੇਗਾ

- **ਫ੍ਰੀਮੋਂਟ ਵਿੱਚ ਬੇਘਰਾਂ ਦੀਆਂ ਅਪਰਾਧ ਦਰਾਂ ਕੀ ਹਨ?**
ਆਵਾਸਹੀਣਤਾ ਆਪਣੇ ਆਪ ਵਿੱਚ ਅਪਰਾਧ ਨਹੀਂ ਹੈ, ਇਸ ਲਈ ਅਜਿਹੀ ਕੋਈ ਪ੍ਰਕਿਰਿਆ ਨਹੀਂ ਹੈ ਜੋ ਸਾਡੀ ਗੈਰ-ਘਰ ਕਮਿਊਨਿਟੀ ਦੀਆਂ ਅਪਰਾਧ ਦਰਾਂ ਦੱਸਦੀ ਹੋਵੇ। ਵਰਤਮਾਨ ਵਿੱਚ ਫ੍ਰੀਮੋਂਟ ਦਾ ਸਭ ਤੋਂ ਵੱਡਾ ਅਪਰਾਧ ਟ੍ਰੈਂਡ ਆਟੋ ਬਰਗਲਰੀ ਹੈ, ਜੋ ਕਿ ਫ੍ਰੀਮੋਂਟ ਦੀ ਬੇਘਰ ਆਬਾਦੀ ਦੁਆਰਾ ਪ੍ਰੇਰਿਤ ਨਹੀਂ ਹੈ। ਫ੍ਰੀਮੋਂਟ ਪੁਲਿਸ ਮੰਨਦੀ ਹੈ ਕਿ ਨੈਵੀਗੇਸ਼ਨ ਸੈਂਟਰ ਦੇ ਨਤੀਜੇ ਦੇ ਤੌਰ 'ਤੇ ਫ੍ਰੀਮੋਂਟ ਹੋਰ ਸੁਰੱਖਿਅਤ ਹੋ ਜਾਵੇਗਾ ਕਿਉਂਕਿ ਇਸ ਵਿੱਚ ਹਰ ਛੇ ਮਹੀਨੇ ਵਿੱਚ 45 ਕਮਿਊਨਿਟੀ ਮੈਂਬਰ ਰਹਿਣਗੇ ਜਿਹਨਾਂ ਕੋਲ ਵਰਤਮਾਨ ਵਿੱਚ ਸ਼ਰਨ ਸਥਾਨ ਨਹੀਂ ਹੈ। ਆਵਾਸਹੀਣਤਾ ਤੋਂ ਬਾਹਰ ਕਰਨ ਵਿੱਚ ਲੋਕਾਂ ਦੀ ਮਦਦ ਕਰਨਾ ਸਾਡੇ ਸਾਰੀ ਕਮਿਊਨਿਟੀ ਨੂੰ ਹੋਰ ਸੁਰੱਖਿਅਤ ਬਣਾਉਂਦਾ ਹੈ।

## ਨੈਵੀਗੇਸ਼ਨ ਸੈਂਟਰ ਸਫਲਤਾ ਦਰ

- **ਬਰਕਲੇ ਵਿੱਚ ਸਟੇਅਰ ਸੈਂਟਰ ਦੀ ਸਫ਼ਲਤਾ ਦਰ ਕੀ ਹੈ?**
  ਅਲਮੀਡਾ ਕਾਉਂਟੀ ਵਿੱਚ, ਬਰਕਲੇ STAIR ਸੈਂਟਰ ਇੱਕ ਨਵੀ ਨਵੀਨਤਾਕਾਰੀ ਅਤੇ ਹਾਊਸਿੰਗ ਨੈਵੀਗੇਸ਼ਨ ਸੈਂਟਰ ਦੀ ਬਹੁਤ ਹੀ ਸਫ਼ਲ ਉਦਾਹਰਨ ਹੈ। ਇਹ ਇੱਕ ਸਾਲ ਤੋਂ ਘੱਟ ਸਮੇਂ ਤੋਂ ਸੰਚਾਲਨ ਅਧੀਨ ਹੈ ਅਤੇ 99 ਵਿੱਚੋਂ 82 (82%) STAIR ਸੈਂਟਰ ਵਿੱਚ ਰਹਿ ਰਹੇ ਲੋਕਾਂ ਦੇ ਸਥਾਈ ਘਰ ਵਿੱਚ ਦੀ ਰਿਪੋਰਟ ਮਿਲੀ ਹੈ। ਔਸਤ ਠਹਿਰਾਅ ਚਾਰ ਮਹੀਨੇ ਹੈ। ਹੇਵਾਰਡ ਵੀ ਉਸੇ ਪ੍ਰੋਵਾਇਡਰ ਅਤੇ ਆਪਰੇਟਿੰਗ ਮਾਡਲ ਨਾਲ ਸੈਂਟਰ ਖੋਲ੍ਹਣ ਦੀ ਪ੍ਰਕਿਰਿਆ ਵਿੱਚ ਵੀ ਹੈ। ਧਾਰਨਾ ਇਹ ਹੈ ਕਿ ਇਹ ਪ੍ਰਕਿਰਤੀ ਵਿੱਚ ਅਸਥਾਈ ਹੈ ਅਤੇ ਇਸਦਾ ਇਰਾਦਾ ਹੋਰ ਸਥਾਈ ਹਾਊਸਿੰਗ ਵਿੱਚ ਜਾਣ ਲਈ ਤੇਜ਼ੀ ਨਾਲ ਤਿਆਰ ਕਰਨਾ ਹੈ।

  ਸਿਟੀ ਔੱਫ਼ ਓਕਲੈਂਡ ਨੈਵੀਗੇਸ਼ਨ ਸੈਂਟਰ (ਹਾਊਸਿੰਗ ਫਾਸਟ ਸਪੋਰਟ ਨੈਟਵਰਕ) ਦਾ ਪਿਛਲੇ ਸਾਲ 88% ਸਥਾਈ ਹਾਊਸਿੰਗ ਸਫ਼ਲਤਾ ਦਰ ਸੀ।

- **SF ਸਿਸਟਮ ਵਾਇਡ ਐਗਜ਼ਿਟ ਪਰਫਾਰਮੈਂਸ ਰਿਪੋਰਟ (ਮਾਰਚ 2015 – ਫਰਵਰੀ 2019) ਦੇ ਅਨੁਸਾਰ, ਕੁੱਲ ਸਫ਼ਲ ਨਿਕਾਸੀਆਂ 46% ਸਨ (ਉਹਨਾਂ ਦੇ ਕਲਾਇੰਟਾਂ ਵਿੱਚੋਂ ਕੇਵਲ 14% ਨਿਕਲ ਕੇ "ਸਥਾਈ ਘਰਾਂ" ਵਿੱਚ ਗਏ।) ਇਹ ਸਾਨੂੰ ਪੇਸ਼ ਕੀਤਾ ਗਿਆ ਹੈ ਕਿ ਬਰਕਲੇ ਨੈਵੀਗੇਸ਼ਨ ਸੈਂਟਰ ਦੀ 84% ਸਫ਼ਲਤਾ ਦਰ "ਦੱਸੀ ਗਈ" ਹੈ। ਅਜਿਹੀ ਵੱਡੀ ਕਮੀ ਕਿਵੇਂ ਹੋਂਦ 'ਚ ਆਈ?**
  ਸਾਨ ਫ੍ਰਾਂਸਿਸਕੋ ਨੈਵੀਗੇਸ਼ਨ (NAV) ਸੈਂਟਰ ਨੂੰ 2016/2017 ਵਿੱਚ ਇੱਕ ਅਜਿਹੇ ਪ੍ਰੋਗਰਾਮ ਮਾਡਲ ਵਿੱਚ ਸਵਿੱਚ ਕਰ ਦਿੱਤਾ ਜਿੱਥੇ ਠਹਿਰਣਾ 30 ਦਿਨ ਤੱਕ ਸੀਮਿਤ ਹੈ, ਜਦੋਂ ਤੱਕ ਤੁਹਾਡਾ ਪ੍ਰਾਥਮਿਕਤਾ 1 ਦੇ ਤੌਰ 'ਤੇ ਪਹਿਚਾਣ ਨਹੀਂ ਹੁੰਦੀ (ਜਿਵੇਂ ਪਬਲਿਕ ਸਪੋਰਟਿਵ ਹਾਊਸਿੰਗ ਇਲੀਜੀਬਲ)। ਸਾਨ ਫ੍ਰਾਂਸਿਸਕੋ ਵਿੱਚ, ਇਸਦਾ ਅਰਥ ਹੈ ਕਿ ਤੁਸੀਂ 13 ਸਾਲ ਜਾਂ ਇਸ ਤੋਂ ਵੱਧ ਸਮੇਂ ਤੋਂ ਬੇਘਰ ਹੋ, ਨਾਲ ਹੀ ਤੁਹਾਡੀਆਂ ਕੁਝ ਮੈਡੀਕਲ ਲੋੜਾਂ ਆਦਿ ਹਨ। ਬਹੁਤ ਹੀ ਘੱਟ ਲੋਕਾਂ ਨੇ ਸ਼ਿਵਿਰਾਂ ਵਿੱਚ ਆਪਣੇ ਮਾਪਦੰਡ ਪੂਰੇ ਕੀਤੇ ਹਨ, ਇਸ ਲਈ ਬਹੁਤ ਘੱਟ ਲੋਕ ਘਰ ਮਿਲਣ ਤੱਕ ਰਹਿੰਦੇ ਰਹੇ। ਇਸ ਲਈ SF ਨੈਵੀਗੇਸ਼ਨ ਸੈਂਟਰ ਇੱਕ ਨੈਵੀਗੇਸ਼ਨ ਸੈਂਟਰ ਨਾਲੋਂ ਇੱਕ ਸ਼ਰਨ ਸਥਾਨ ਲੱਗਣ ਲੱਗਿਆ। ਇਸ ਬਦਲਾਵ ਤੋਂ ਪਹਿਲਾਂ, ਸਾਨ ਫ੍ਰਾਂਸਿਸਕੋ ਸੈਂਟਰ ਲਗਾਤਾਰ 75% ਨਿਕਾਸੀਆਂ ਨੂੰ ਸਥਾਈ ਹਾਊਸਿੰਗ ਵਿੱਚ ਬਦਲਣ ਦੀ ਰਿਪੋਰਟ ਦੇ ਰਿਹਾ ਸੀ। (ਬਰਕਲੇ ਦੀ STAIR ਨਿਕਾਸੀ ਦਰ 82% ਹੈ, ਨਾ ਕਿ 84% - ਇਸ ਲਈ ਮੂਲ ਨੈਵੀਗੇਸ਼ਨ ਮਾਡਲ ਨਾਲ ਟ੍ਰੈਕ 'ਤੇ ਸਹੀ)।

  ਬਰਕਲੇ ਵਿੱਚ "ਰੈਗੂਲਰ" ਸ਼ਰਨ ਸਥਾਨਾਂ ਦੀ ਲਗਭਗ ਇੱਕ-ਤਿਹਾਈ ਦਰ ਤੋਂ ਸਥਾਈ ਹਾਊਸਿੰਗ ਹੈ। ਇਸ ਮੀਟ੍ਰਿਕ ਨਾਲ, ਨਵਾਂ SF ਨੈਵੀਗੇਸ਼ਨ ਸੈਂਟਰ ਮਾਡਲ ਅਜੇ ਤੱਕ ਬਰਕਲੇ ਦੇ ਮੌਜੂਦਾ ਸ਼ਰਨ ਸਥਾਨਾਂ ਵਿੱਚ ਬਿਹਤਰ ਪ੍ਰਦਰਸ਼ਣ ਕਰ ਰਿਹਾ ਹੈ।

*- ਪੀਟਰ ਰਾਡੂ ਦਾ ਜਵਾਬ, ਸਿਟੀ ਅੱਫ਼ ਬਰਕਲੇ ਲਈ ਹੋਮਲੈਸ ਮੈਨੇਜਰ ਸਿਟੀ ਅੱਫ਼ ਬਰਕਲੇ ਲਈ ਕੰਮ ਕਰਨ ਤੋਂ ਪਹਿਲਾਂ, ਪੀਟਰ ਸਾਨ ਫ੍ਰਾਂਸਿਸਕੋ ਦੇ ਹਾਊਸਿੰਗ ਨੈਵੀਗੇਸ਼ਨ ਪ੍ਰੋਗਰਾਮ ਵਿੱਚ ਕੰਮ ਕਰਦਾ ਸੀ।*

- **ਪ੍ਰਤੀਭਾਗੀ ਕਿੱਥੇ ਜਾਂਦੇ ਹਨ ਜੇ ਉਹ ਪ੍ਰੋਗਰਾਮ ਪੂਰਾ ਕਰਨ ਵਿੱਚ ਸਫ਼ਲ ਨਹੀਂ ਹੁੰਦੇ ਜਾਂ ਜੇ ਉਹ ਸਥਾਈ ਘਰ ਭਾਲਣ ਵਿੱਚ ਸਫ਼ਲ ਨਹੀਂ ਹੁੰਦੇ?**

  ਬਦਕਿਸਮਤੀ ਨਾਲ 100% ਸਫ਼ਲਤਾ ਦਰ ਅਸਲੀ ਨਹੀਂ ਹੈ। ਲੋਕ ਬੇਘਰ ਰਹਿੰਦੇ ਹੋਏ ਪ੍ਰੋਗਰਾਮ ਛੱਡ ਸਕਦੇ ਹਨ ਅਤੇ ਉੱਥੇ ਵਾਪਸ ਜਾ ਸਕਦੇ ਹਨ ਜਿੱਥੇ ਉਹ ਪਹਿਲਾਂ ਰਹਿੰਦੇ ਸਨ ਟ੍ਰਾਈ-ਸਿਟੀ ਖੇਤਰ ਵਿੱਚ। ਕੁਝ ਪ੍ਰਤੀਭਾਗੀ ਰਿਹਾਇਸ਼ੀ ਟ੍ਰੀਟਮੈਂਟ, ਪੁਨਰਵਾਸ ਪ੍ਰੋਗਰਾਮ ਜਾਂ ਹੋਰ "ਸ਼ਰਨ ਸਥਾਨ" ਵਿਕਲਪਾਂ ਵਿੱਚ ਜਾ ਸਕਦੇ ਹਨ।

## ਆਵਾਸਹੀਣਤਾ ਬਾਰੇ ਤੱਥ

- **ਫ੍ਰੀਮੌਂਟ ਵਿੱਚ ਕਿੰਨੇ ਬੇਘਰ ਹਨ?**

  ਇੱਥੇ 2017 ਹੋਮਲੈਸ ਕਾਊਂਟ ਸੈਨਸਸ ਅਤੇ ਸਰਵੇ ਰਿਪੋਰਟ ਦੇ ਲਿੰਕ ਹਨ:

  - ਫ੍ਰੀਮੌਂਟ ਹੋਮਲੈਸ ਸੈਨਸਸ ਅਤੇ ਸਰਵੇ ਰਿਪੋਰਟ (ਫ੍ਰੀਮੌਂਟ ਬੇਘਰ ਜਣਗਣਨਾ ਅਤੇ ਸਰਵੇਖਣ ਰਿਪੋਰਟ): https://fremont.gov/DocumentCenter/View/38652/Fremont-Homeless-Survey-2017
  - ਅਲਮੀਡਾ ਕਾਉਂਟੀ ਬੇਘਰ ਜਣਗਣਨਾ ਅਤੇ ਸਰਵੇਖਣ (ਅਲਮੀਡਾ ਕਾਉਂਟੀ ਹੋਮਲੈਸ ਸੈਨਸਸ ਐਂਡ ਸਰਵੇ ਰਿਪੋਰਟ): https://fremont.gov/DocumentCenter/View/38653/Alameda-Homeless-Survey-2017

  ਜਨਵਰੀ 2019 ਵਿੱਚ ਸਮੇਂ ਦੀ ਗਣਨਾ ਵਿੱਚ ਇੱਕ ਨਵੀਂ ਗੱਲ ਲਿਆਉਂਦੀ ਗਈ। ਫੀਮੌਂਟ ਲਈ ਆਰੰਭਿਕ ਜਾਣਕਾਰੀ ਵਿੱਚ ਫੀਮੌਂਟ ਵਿੱਚ ਕੁੱਲ 608 ਆਵਾਸਹੀਣਤਾ ਦਾ ਅਨੁਭਵ ਕਰ ਰਹੇ ਲੋਕਾਂ ਦੀ ਗਿਣਤੀ ਸ਼ਾਮਿਲ ਹੈ। <u>2017 ਦੇ 479 ਦੇ ਅੰਕੜੇ ਵਿੱਚ 27% ਵਾਧਾ ਹੋਇਆ ਹੈ</u>। ਅਲਮੀਡਾ ਕਾਉਂਟੀ ਨੇ ਹਾਲ ਹੀ ਵਿੱਚ ਆਵਾਸਹੀਣਤਾ ਵਿੱਚ 43% ਵਾਧਾ ਦਿਖਾਉਂਦੇ ਹੋਏ ਕਾਉਂਟੀ ਲਈ ਕੁੱਲ ਡਾਟਾ ਜਾਰੀ ਕੀਤਾ ਹੈ। ਫ੍ਰੀਮੌਂਟ ਲਈ ਖਾਸ ਅੰਕੜੇ ਵਾਲੀ ਪੂਰੀ ਰਿਪੋਰਟ ਅਗਸਤ ਵਿੱਚ ਜਾਰੀ ਹੋਣੀ ਚਾਹੀਦੀ ਹੈ।

- **ਆਵਾਸਹੀਣਤਾ ਦੇ ਮੂਲ ਕਾਰਨ ਕੀ ਹਨ?**

  ਆਵਾਸਹੀਣਤਾ ਉੱਥੇ ਸ਼ੁਰੂ ਹੁੰਦਾ ਹੈ ਜਿੱਥੇ ਰਿਸ਼ਤੇ ਖ਼ਤਮ ਹੋ ਜਾਂਦੇ ਹਨ। ਇਹ ਬਹੁਤ ਆਮ ਗਲਤ ਧਾਰਨਾ ਹੈ ਕਿ ਸ਼ਰਾਬ ਅਤੇ ਨਸ਼ਿਆਂ ਦੀ ਦੁਰਵਰਤੋਂ ਆਵਾਸਹੀਣਤਾ ਦੇ ਮੂਲ ਕਾਰਨ ਹਨ, ਹਾਲਾਂਕਿ ਇਹ ਕਦੇ-ਕਦਾਈ ਆਉਂਦੇ ਹਨ। ਜ਼ਿਆਦਾਤਰ ਸਥਿਤੀਆਂ ਵਿੱਚ, ਅਨੇਕਾਂ ਕਾਰਕ ਭੂਮਿਕਾ ਅਦਾ ਕਰਦੇ ਹਨ।

  - ਸਧਾਰਨ ਆਰਥਿਕ ਮੁੱਦੇ ਆਵਾਸਹੀਣਤਾ ਵਿੱਚ ਯੋਗਦਾਨ ਦੇਣ ਵਾਲੇ ਸਭ ਤੋਂ ਅਹਿਮ ਕਾਰਕਾਂ ਵਿਚਕਾਰ ਹਨ। ਇਹਨਾਂ ਵਿੱਚ ਸਸਤੇ ਘਰ ਦੀ ਕਮੀ, ਗਰੀਬੀ, ਰੁਜ਼ਗਾਰ ਦੇ ਮੌਕਿਆਂ ਦੀ ਕਮੀ ਅਤੇ ਘੱਟ ਵੇਤਨ ਸ਼ਾਮਲ ਹਨ। ਅਨੇਕਾਂ ਲੋਕ ਆਰਥਿਕ ਤਬਾਹੀ ਦੇ ਇੰਨੇ ਨਜ਼ਦੀਕ ਹਨ ਕਿ ਇੱਕ ਵਿੱਤੀ ਝਟਕਾ, ਜਿਵੇਂ

ਨੌਕਰੀ ਖੁੰਝਣਾ, ਕਾਰ ਦੀਆਂ ਦਿੱਕਤਾਂ, ਬਿਮਾਰੀ, ਤਲਾਕ, ਆਮਦਨ ਕਰਨ ਵਾਲੇ ਪਤੀ/ਪਤਨੀ ਦਾ ਨੁਕਸਾਨ, ਤਿਆਗ, ਜਾਂ ਕੋਈ ਅਸੰਭਾਵਿਤ ਖ਼ਰਚ ਨਾਲ ਉਹਨਾਂ ਦੇ ਘਰ ਦਾ ਨੁਕਸਾਨ ਹੋ ਸਕਦਾ ਹੈ।

- ਗੈਰ-ਆਰਥਿਕ ਕਾਰਕ ਆਵਾਸਹੀਣਤਾ ਵਿੱਚ ਇੱਕ ਭੂਮਿਕਾ ਅਦਾ ਕਰਦੇ ਹਨ। ਇਹਨਾਂ ਵਿੱਚ ਮਨੋਵਿਗਿਆਨਿਕ ਜਾਂ ਸਰੀਰਿਕ ਅਯੋਗਤਾਵਾਂ , ਵਿਕਾਰਾਂ ਬਾਰੇ ਸਿੱਖਣਾ, ਪੋਸਟ ਟਰੌਮਿਕ ਸਟਰੈਸ ਵਿਕਾਰ, ਮੈਡੀਕਲ ਸਥਿਤੀਆਂ ਅਤੇ ਸ਼ਰਾਬ 'ਤੇ ਨਿਰਭਰਤਾ ਸ਼ਾਮਿਲ ਹੈ ਜਿਸਦੇ ਨਤੀਜੇ ਵਜੋਂ ਨਾ ਸਹੀ ਹੋਣ ਵਾਲੇ ਮਾਨਸਿਕ ਘਾਤ, ਬਚਪਨ ਦੀ ਦੁਰਵਰਤੋਂ ਦਾ ਇਤਿਹਾਸ, ਲੈਂਗਿਕ ਦੁਰਵਰਤੋਂ ਜਾਂ ਇਹਨਾਂ ਵਿੱਚੋਂ ਕੁਝ ਦਾ ਮੇਲ ਹੈ।
- ਘਰੇਲੂ ਦੁਰਵਿਹਾਰ ਔਰਤਾਂ ਵਿੱਚ ਆਵਾਸਹੀਣਤਾ ਦਾ ਕਾਰਨ ਬਣ ਰਿਹਾ ਹੈ ਅਤੇ 89% ਬੇਘਰ ਔਰਤਾਂ ਨੇ ਆਪਣੀ ਜ਼ਿੰਦਗੀ ਵਿੱਚ ਕਿਸੇ ਸਮੇਂ ਗੰਭੀਰ ਸਰੀਰਿਕ ਜਾਂ ਲੈਂਗਿਕ ਦੁਰਵਿਹਾਰ ਦਾ ਸਾਹਮਣਾ ਕੀਤਾ ਹੈ।

*ਸਰੋਤ 2017 HUD ਸਲਾਨਾ ਬੇਘਰ ਮੁਲਾਂਕਣ ਰਿਪੋਰਟ ਡਾਟਾ

- **ਸਸਤੇ ਘਰ ਜਿੱਥੇ ਹਨ ਜੋ ਬੇਘਰ ਹੋਣ ਦੀ ਸਮੱਸਿਆ ਦਾ ਹੱਲ ਦੇਣ ਵਿੱਚ ਮਦਦ ਕਰਨਗੇ।**

ਫ੍ਰੀਮੋਂਟ ਵਿੱਚ ਪਾਇਪਲਾਇਨ ਵਿੱਚ ਸਸਤੇ ਘਰ ਦੀਆਂ 100 ਯੂਨਿਟਾਂ ਵਰਤਮਾਨ ਵਿੱਚ ਹਨ, ਮੱਧਮਾਨ ਆਮਦਨ ਦੇ 80% - 20% ਕਮਾਉਣ ਵਾਲਿਆਂ ਲਈ ਵਹਨਯੋਗਤਾ ਦੇ ਪਰਿਵਰਤਨਸ਼ੀਲ ਪੱਧਰਾਂ 'ਤੇ ਹਨ। ਗੈਰ-ਲਾਭਕਾਰੀ ਡਵੈਲਪਰ, ਜੋ ਅਲਮੀਡਾ ਕਾਉਂਟੀ ਦੇ ਮੈਸਰ A1 ਬ੍ਰਾਂਡ ਤੋਂ ਸਸਤੇ ਘਰਾਂ ਲਈ ਫੰਡ ਪ੍ਰਾਪਤ ਕਰ ਰਹੇ ਹਨ, ਉਹ ਮੱਧਮਾਨ ਆਮਦਨ ਦਾ 20% 'ਤੇ ਆਮਦਨਾਂ ਵਾਲੇ ਲੋਕਾਂ ਲਈ ਵਿਕਸਿਤ ਕਰਨ ਲਈ ਯੂਨਿਟਾਂ ਦਾ 20% ਸੁਰੱਖਿਅਤ ਰੱਖਣਾ ਚਾਹੀਦਾ ਹੈ।

ਹਾਲਾਂਕਿ, ਅਪਾਹਿਜਤਾ ਨਾਲ ਬੇਘਰ ਲੋਕ ਜਾਂ ਬਜ਼ੁਰਗ ਲੋਕ ਅਕਸਰ ਅਪਾਹਿਜਤਾ ਜਾਂ ਆਮਦਨ ਆਧਾਰਿਤ ਸਮਾਜਿਕ ਸੁਰੱਖਿਆ 'ਤੇ ਹਨ, ਜੋ ਅਕਸਰ ਮੱਧਮਾਨ ਆਮਦਨ ਦੇ 11% 'ਤੇ ਰਹਿੰਦੇ ਹਨ। ਇੱਥੋਂ ਤੱਕ ਕਿ ਮੌਜੂਦਾ ਪਾਇਪਾਲਾਇਨ ਯੂਨਿਟਾਂ ਅਤੇ A1 ਬ੍ਰਾਂਡ ਨਾਲ ਮੌਜੂਦਾ ਬੇਘਰ ਆਬਾਦੀ ਲਈ ਉਚਿਤ ਸਸਤੇ ਘਰ ਨਹੀਂ ਹੋਣਗੇ ਜਾਂ ਉਹ ਘਰ ਹੋਣਗੇ ਜੋ ਬਿਨਾਂ ਉਪਲਬਧ ਸਬਸਿਡੀ ਦੇ ਸਰੋਤਾਂ ਤੱਕ ਘੱਟ ਪਹੁੰਚ ਵਾਲੇ ਲੋਕਾਂ ਨੂੰ ਸਵੀਕਾਰ ਕਰਨਗੇ। ਅਲਮੀਡਾ ਕਾਉਂਟੀ ਵਿੱਚ ਗਰੁੱਪ ਸੰਭਾਵਿਤ ਵਾਧੂ ਟੈਕਸ ਉਪਾਅ ਖੋਜ ਰਹੇ ਹਨ ਜੋ ਇਹ ਜਰੂਰੀ ਸਬਸਿਡੀਆਂ ਪ੍ਰਦਾਨ ਕਰਨ ਵਿੱਚ ਮਦਦ ਕਰਨਗੇ।

ਸਸਤੇ ਘਰ ਤੋਂ ਇਲਾਵਾ, ਦੇਖਭਾਲ ਦਾ ਇੱਕ ਸਿਸਟਮ ਹੈ ਜੋ ਆਵਾਸਹੀਣਤਾ ਖ਼ਤਮ ਕਰਦਾ ਹੈ ਅਤੇ ਭਾਗੀਦਾਰਾਂ ਦੀ ਲੋਚਸ਼ਿਲ ਵਿੱਤੀ ਸਹਾਇਤਾ ਅਤੇ ਹੋਰ ਵਿਧੀਆਂ ਰਾਹੀਂ ਘਰ ਤੱਕ ਪਹੁੰਚ ਕਰਨ ਵਿੱਚ ਮਦਦ ਕਰਦਾ ਹੈ।

- **ਫ੍ਰੀਮੋਂਟੋ ਵਿੱਚ ਕਿੰਨੇ ਸ਼ਿਵਿਰ ਹਨ? ਸਫਾਈ ਦੇ ਸ਼ਿਵਿਰਾਂ ਲਈ ਸ਼ਹਿਰ ਦਾ ਕੀ ਪਲਾਨ ਹੈ?**

ਜਦੋਂ ਸ਼ਹਿਰ ਇੱਕ ਸ਼ਿਵਿਰ ਦੀ ਪਹਿਚਾਣ ਕਰਦਾ ਹੈ, ਤਾਂ ਇਸਦਾ ਅਰਥ ਹੈ ਨਿੱਜੀ ਵਸਤੂਆਂ ਦਾ ਭਰਿਆ ਇੱਕ ਸ਼ਾਪਿੰਗ ਕਾਰਟ, ਆਵਾਸਯੋਗ ਵਹੀਕਲਾਂ ਦਾ ਇੱਕ ਸਮੂਹ ਜਾਂ ਟੈਂਟ। ਕੁਝ ਦੇ ਸ਼ਿਵਿਰ "ਸਕ੍ਰਿਆ" ਹਨ ਜਿਸਦਾ ਅਰਥ ਹੈ ਇੱਕ ਵਿਅਕਤੀ ਜਾਂ ਵਿਅਕਤੀ(ਆਂ) ਜੋ ਉੱਥੇ ਰਹਿ ਸਕਦੇ ਹਨ। 14 ਜੂਨ, 2019 ਤੋਂ 32 ਸ਼ਿਵਿਰ ਹਨ। ਇਹ ਸੰਖਿਆ ਘੱਟਦੀ-ਵੱਧਦੀ ਰਹਿੰਦੀ ਹੈ ਕਿਉਂਕਿ ਲੋਕ ਬਦਲਦੇ ਰਹਿੰਦੇ ਹਨ ਜਾਂ ਉਹਨਾਂ ਨੂੰ ਖੇਤਰ ਛੱਡਣ ਲਈ ਕਿਹਾ ਜਾਂਦਾ ਹੈ।

ਕਮਿਊਨਿਟੀ ਮੈਂਬਰ ਦੇ [ਸ਼ਿਵਿਰਾਂ ਦੀ ਰਿਪੋਰਟ ਕਰ ਸਕਦੇ ਹਨ] ਅਤੇ ਗਿਆਤ ਸਿਹਤ ਜਾਂ ਜਨਤਕ ਸੁਰੱਖਿਆ ਨੁਕਸਾਨਾਂ 'ਤੇ ਆਧਾਰਿਤ ਦੇ ਸ਼ਿਵਿਰਾਂ ਦੀ ਕਮੀ ਨੂੰ ਤਰਜ਼ੀਹ ਦਿੱਤੀ ਜਾਂਦੀ ਹੈ। ਸ਼ਿਵਿਰ ਸ਼ਹਿਰ ਦੇ ਵਾਤਾਵਰਣ ਸਬੰਧੀ ਸੇਵਾਵਾਂ ਦੀ ਡਿਵੀਜ਼ਨ ਰਾਹੀਂ ਸਫਾਈ ਲਈ ਨਿਯਮਿਤ ਤੌਰ 'ਤੇ ਤੈਅ ਕੀਤੇ ਜਾਂਦੇ ਹਨ।

ਅਕਸਰ ਸ਼ਿਵਿਰਾਂ ਵਿੱਚ ਰਹਿਣ ਵਾਲੇ ਜੋ ਫ੍ਰੀਮੋਂਟ ਨੂੰ ਆਪਣਾ ਘਰ ਕਮੀ ਹੋਣ 'ਤੇ ਇੱਕ ਸਥਾਨ ਤੋਂ ਦੂਜੇ ਸਥਾਨ 'ਤੇ ਜਾਣਾ ਪਵੇਗਾ। ਨੈਵੀਗੇਸ਼ਨ ਦੀ ਉਪਲਬਧਤਾ ਫ੍ਰੀਮੋਂਟ ਦੇ ਕੁਝ ਬੇਘਰਾਂ ਨੂੰ ਰਹਿਣ ਲਈ ਅਲਪਕਾਲੀਨ ਸਥਾਨ ਦਾ ਮੌਕਾ ਦੇਵੇਗੀ ਤੇ ਹੋਰ ਸਥਾਈ ਅਤੇ ਪੱਕੇ ਘਰ ਦੇ ਭਵਿੱਖ ਦੀ ਉਮੀਦ ਬਣਾਵੇਗੀ।

- **ਮੈਂ ਫ੍ਰੀਮੋਂਟ ਵਿੱਚ ਨੈਵੀਗੇਸ਼ਨ ਸੈਂਟਰ ਅਤੇ ਆਵਾਸਹੀਣਤਾ ਬਾਰੇ ਅਪ-ਟੂ-ਡੇਟ ਕਿਵੇਂ ਰਹਾਂ?**
  ਫ੍ਰੀਮੋਂਟ ਦੀ ਅਸਥਾਈ ਹਾਊਸਿੰਗ ਨੈਵੀਗੇਸ਼ਨ ਸੈਂਟਰ ਅਤੇ ਆਵਾਸਹੀਣਤਾ ਦਾ ਅਨੁਭਵ ਕਰਨ ਵਾਲਿਆਂ ਲਈ ਸਰੋਤਾਂ ਬਾਰੇ ਜ਼ਿਆਦਾ ਜਾਣਕਾਰੀ ਲਈ, www.Fremont.gov/Homeless 'ਤੇ ਜਾਓ। ਤੁਸੀਂ ਸਾਡੀ ਹੋਮਲੈਸਨੈਸ ਮੇਲਿੰਗ ਲਿਸਟ 'ਤੇ ਵੀ ਸਬਸਕ੍ਰਾਇਬ ਕਰ ਸਕਦੇ ਹੋ ਅਤੇ ਈਮੇਲ ਰਾਹੀਂ ਅਪਡੇਟਸ ਲੈ ਸਕਦੇ ਹੋ।